ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 78
ਫ਼ੋਨ: +91- 92168-07500
E-mail: news@charhdikala.com
www.charhdikala.com

ਕੁੱਲ ਪੰਨੇ: 12 (Saturday, 21 March, 2026) ਸ਼ਨੀਵਾਰ, 21 ਮਾਰਚ, 2026, 8 ਚੇਤ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

ਕੇਂਦਰ ਵੱਲੋਂ 300 ਵੈੱਬਸਾਈਟਾਂ ਅਤੇ ਐਪਾਂ 'ਤੇ ਪਾਬੰਦੀ

ਨਵੀਂ ਦਿੱਲੀ, 20 ਮਾਰਚ (ਚ.ਨ.ਸ.): ਕੇਂਦਰ ਸਰਕਾਰ ਨੇ ਦੇਸ਼ ਵਿੱਚ ਚੱਲ ਰਹੀਆਂ ਗੈਰ-ਕਾਨੂੰਨੀ ਸੱਟੇਬਾਜ਼ੀ ਵਾਲੀਆਂ ਵੈੱਬਸਾਈਟਾਂ ਵਿਰੁੱਧ ਸਖ਼ਤ ਰੁਖ ਅਖਤਿਆਰ ਕਰਦੇ ਹੋਏ ਇੱਕ ਵੱਡੀ ਕਾਰਵਾਈ ਕੀਤੀ ਹੈ। ਸਰਕਾਰ ਨੇ ਤਾਜ਼ਾ ਕਾਰਵਾਈ 'ਚ 300 ਅਜਿਹੀਆਂ ਵੈੱਬਸਾਈਟਾਂ ਅਤੇ ਮੋਬਾਈਲ ਐਪਸ ਨੂੰ ਬਲੌਕ ਕਰ ਦਿੱਤਾ ਹੈ ਜੋ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਸਨ।ਸਰਕਾਰ ਹੁਣ ਤੱਕ ਕੁੱਲ 8,400 ਵੈੱਬਸਾਈਟਾਂ ਅਤੇ ਐਪਸ ਨੂੰ ਬਲੌਕ ਕਰ ਚੁੱਕੀ ਹੈ। ਇਸ ਵਿੱਚੋਂ ਵੱਡੀ ਕਾਰਵਾਈ ਆਨਲਾਈਨ ਗੇਮਿੰਗ ਐਕਟ ਦੇ ਪਾਸ ਹੋਣ ਤੋਂ ਬਾਅਦ ਕੀਤੀ ਗਈ ਹੈ।

ਪੰਜਾਬ 'ਚ ਮੀਂਹ ਤੇ ਤੇਜ਼ ਹਵਾਵਾਂ ਨੇ ਮੁੜ ਛੇੜੀ ਕੰਬਣੀ

ਤਾਪਮਾਨ 5 ਤੋਂ 8 ਡਿਗਰੀ ਸੈਲਸੀਅਸ ਤੱਕ ਡਿੱਗਾ

ਚੜ੍ਹਦੀਕਲਾ ਬਿਊਰੋ

==========

ਚੰਡੀਗੜ੍ਹ, 20 ਮਾਰਚ: ਪੰਜਾਬ, ਹਰਿਆਣਾ ਸਣੇ ਉੱਤਰ ਭਾਰਤ ਦੇ ਕੁੱਝ ਹਿੱਸਿਆਂ ਵਿੱਚ ਦੋ ਦਿਨਾਂ ਤੋਂ ਰੁਕ-ਰੁਕ ਕੇ ਪੈ ਰਹੇ ਮੀਂਹ ਨੇ ਲੋਕਾਂ ਨੂੰ ਮੁੜ ਤੋਂ ਕੰਬਣੀ ਛੇੜ ਦਿੱਤੀ ਹੈ। ਇਸ ਦੌਰਾਨ ਤਾਪਮਾਨ ਵਿੱਚ 5 ਤੋਂ 8 ਡਿਗਰੀ ਸੈਲਸੀਅਸ ਤੱਕ ਦੀ ਗਿਰਾਵਟ ਦਰਜ ਕੀਤੀ ਗਈ ਹੈ।ਮੀਂਹ ਤੇ ਤੇਜ਼ ਹਵਾਵਾਂ ਨੇ ਕਿਸਾਨਾਂ ਦੇ ਸਾਹ ਸੂਤ ਦਿੱਤੇ ਹਨ ਜਿਨ੍ਹਾਂ ਨੂੰ ਫ਼ਸਲਾਂ ਦੇ ਖਰਾਬੇ ਦੀ ਡਰ ਸਤਾਉਣ ਲੱਗ ਪਿਆ ਹੈ। ਅੱਜ ਸਮੁੱਚੇ ਪੰਜਾਬ ਵਿੱਚ ਹੀ ਹਲਕਾ ਤੇ ਦਰਮਿਆਨਾ ਮੀਂਹ ਪਿਆ ਤੇ ਤੇਜ਼ ਹਵਾਵਾਂ ਚੱਲੀਆਂ। ਮੌਸਮ ਵਿਗਿਆਨੀਆਂ ਨੇ 21 ਮਾਰਚ ਨੂੰ ਵੀ ਪੰਜਾਬ ਵਿੱਚ ਹਲਕਾ ਤੇ ਦਰਮਿਆਨਾ ਮੀਂਹ ਪੈਣ ਅਤੇ 40 ਤੋਂ 50 ਕਿਲੋਮੀਟਰ ਦੀ ਰਫ਼ਤਾਰ ਨਾਲ ਹਵਾਵਾਂ ਚੱਲਣ ਦੀ ਪੇਸ਼ੀਨਗੋਈ ਕੀਤੀ ਹੈ।ਇਸ ਲਈ ਮੌਸਮ ਵਿਭਾਗ ਨੇ ਔਰੇਂਜ ਅਲਰਟ ਜਾਰੀ ਕੀਤਾ ਹੈ। ਜਾਣਕਾਰੀ ਮਿਲੀ ਹੈ ਕਿ ਪੰਜਾਬ ਦੇ ਸਾਰੇ ਹੀ ਸ਼ਹਿਰਾਂ ਵਿੱਚ ਲੰਘੇ ਦਿਨ ਤੋਂ ਰੁਕ-ਰੁਕ ਕੇ ਮੀਂਹ ਪੈ ਰਿਹਾ ਹੈ।ਇਸ ਸਮੇਂ ਸੂਬੇ ਵਿੱਚ ਕਣਕ ਦੀ ਫਸਲ ਪੱਕਣ ਕੰਢੇ ਪਹੁੰਚ ਗਈ ਹੈ। ਅਜਿਹੇ ਸਮੇਂ ਵਿੱਚ ਪੈ ਰਿਹਾ ਮੀਂਹ ਤੇ ਤੇਜ਼ ਹਵਾਵਾਂ ਕਣਕ ਦੀ ਫ਼ਸਲ ਲਈ ਘਾਤਕ ਸਾਬਤ ਹੋ ਸਕਦੇ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸਰਹੱਦੀ ਇਲਾਕੇ ਦੇ ਗੁਰਦਾਸਪੁਰ, ਪਠਾਨਕੋਟ ਅਤੇ ਹੋਰ ਇਲਾਕੇ ਵਿੱਚ ਭਾਰੀ ਮੀਂਹ ਪਿਆ ਹੈ। (ਬਾਕੀ ਸਫਾ 2 'ਤੇ)

ਪੱਛਮੀ ਗੜ੍ਹਬੜੀ ਕਾਰਨ ਮੀਂਹ ਜਾਰੀ ਰਹਿਣ ਦੀ ਸੰਭਾਵਨਾ, ਕਿਸਾਨ ਸਹਿਮੇ

ਚੰਡੀਗੜ੍ਹ , 20 ਮਾਰਚ (ਚ.ਨ.ਸ.): ਮੌਸਮ ਵਿਭਾਗ ਦੀਆਂ ਤਾਜ਼ਾ ਰਿਪੋਰਟਾਂ ਮੁਤਾਬਕ ਪੱਛਮੀ ਗੜ੍ਹਬੜੀ ਕਾਰਨ ਅਗਲੇ ਛੇ ਤੋਂ ਅੱਠ ਘੰਟਿਆਂ ਦਰਮਿਆਨ ਮੁੜ ਬੱਦਲ ਛਾਅ ਸਕਦੇ ਹਨ ਅਤੇ ਮੀਂਹ ਪੈ ਸਕਦਾ ਹੈ। ਇਸ ਮੌਸਮ ਪ੍ਰਣਾਲੀ ਕਰਕੇ ਪੰਜਾਬ, ਦਿੱਲੀ, ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਰਗੇ ਸੂਬਿਆਂ ਵਿੱਚ ਦੁਪਹਿਰ ਤੱਕ ਦਰਮਿਆਨੇ ਤੋਂ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਹਾਲਾਂਕਿ ਸ਼ਾਮ ਤੱਕ ਸਥਿਤੀ ਵਿੱਚ ਸੁਧਾਰ ਹੋਣ ਬਾਰੇ ਕਿਹਾ ਗਿਆ ਹੈ।

ਉੱਤਰੀ ਭਾਰਤ ਹਾਲ ਹੀ ਦੇ ਦਿਨਾਂ ਵਿੱਚ ਅਜਿਹੇ ਮੌਸਮ ਦਾ ਤਜਰਬਾ ਕਰ ਰਿਹਾ ਹੈ ਜੋ ਆਮ ਤੌਰ 'ਤੇ ਨਹੀਂ ਦੇਖਿਆ ਜਾਂਦਾ ਹੁੰਦਾ। ਆਮ ਤੌਰ 'ਤੇ ਮਾਰਚ ਦੇ ਇਨ੍ਹਾਂ ਦਿਨਾਂ ਵਿੱਚ ਗਰਮੀ ਵਧਣੀ ਸ਼ੁਰੂ ਹੋ ਜਾਂਦੀ ਹੈ। ਇਸ ਮੌਸਮੀ ਤਬਦੀਲੀ ਨੇ ਲੋਕਾਂ ਨੂੰ ਮੋਟੇ ਕੱਪੜੇ ਪਾਉਣ ਲਈ ਮਜਬੂਰ ਕਰ ਦਿੱਤਾ ਹੈ। ਪਿਛਲੇ ਦਿਨਾਂ ਤੋਂ ਪੈ ਰਹੇ ਮੀਂਹ ਅਤੇ ਮੌਸਮੀ ਤੂਫ਼ਾਨ ਨੇ 'ਮਿੰਨੀ ਮਾਨਸੂਨ' ਵਰਗਾ ਮਾਹੌਲ ਪੈਦਾ ਕਰ ਦਿੱਤਾ ਹੈ। (ਬਾਕੀ ਸਫਾ 2 'ਤੇ)

ਮੁੱਖ ਮੰਤਰੀ ਵੱਲੋਂ ਅਹਿਮ ਕਾਨਫ਼ਰੰਸ

ਪੰਜਾਬ'ਚ ਖੁੱਲ੍ਹਣਗੇ 100 ਨਵੇਂ ਮੁਹੱਲਾ ਕਲੀਨਿਕ: ਮਾਨ

'ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸਾਰਾ ਖ਼ਰਚਾ ਚੁੱਕੇਗੀ ਸੂਬਾ ਸਰਕਾਰ'

ਚੜ੍ਹਦੀਕਲਾ ਬਿਊਰੋ

==========

ਚੰਡੀਗੜ੍ਹ, 20 ਮਾਰਚ:'ਸ਼ਾਨਦਾਰ ਚਾਰ ਸਾਲ, ਭਗਵੰਤ ਮਾਨ ਦੇ ਨਾਲ' ਲੜੀ ਨੂੰ ਜਾਰੀ ਰੱਖਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸਿਹਤ ਖੇਤਰ ਦਾ ਚਾਰ ਸਾਲਾਂ ਦਾ ਰਿਪੋਰਟ ਕਾਰਡ ਪੇਸ਼ ਕੀਤਾ। ਇਸ ਤੋਂ ਪਹਿਲਾਂ ਖੇਤੀਬਾੜੀ ਅਤੇ ਸਿੰਜਾਈ ਵਿੱਚ 'ਆਪ' ਸਰਕਾਰ ਦੇ ਕੰਮ ਦਾ ਵੇਰਵਾ ਦਿੱਤਾ ਗਿਆ ਸੀ। 'ਸ਼ਰਤਾਂ ਵਾਲੀ' ਆਯੁਸ਼ਮਨ ਭਾਰਤ ਅਤੇ 'ਆਪ' ਸਰਕਾਰ ਦੀ ਮੁੱਖ ਮੰਤਰੀ ਸਿਹਤ ਯੋਜਨਾ ਵਿਚਕਾਰ ਫਰਕ ਦਰਸਾਉਂਦੇ ਹੋਏ ਉਨ੍ਹਾਂ ਮੁੱਖ ਮੰਤਰੀ ਸਿਹਤ ਯੋਜਨਾ ਨੂੰ ਸਰਬ ਵਿਆਪਕ, ਪਹੁੰਚਯੋਗ ਸਿਹਤ ਸੰਭਾਲ ਦੇ ਮਾਡਲ ਵਜੋਂ ਪੇਸ਼ ਕੀਤਾ ਅਤੇ ਜ਼ੋਰ ਦੇ ਕੇ ਕਿਹਾ ਕਿ ਫ਼ਰਕ ਇਰਾਦੇ ਤੇ ਡਿਲੀਵਰੀ ਵਿੱਚ ਹੈ।

ਡੇਟਾ-ਆਧਾਰਤ ਨਤੀਜੇ ਪੇਸ਼ ਕਰਦੇ ਹੋਏ ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ 'ਆਪ' ਸਰਕਾਰ ਐਲਾਨਾਂ ਤੋਂ ਅੱਗੇ ਵਧ ਕੇ ਜ਼ਮੀਨੀ ਪੱਧਰ 'ਤੇ ਸਪੱਸ਼ਟ ਬਦਲਾਅ ਲਿਆ ਰਹੀ ਹੈ, ਜਿਸ ਵਿੱਚ ਬਿਨਾਂ ਕਿਸੇ ਪਾਬੰਦੀ ਦੇ 10 ਲੱਖ ਰੁਪਏ ਦੇ ਨਕਦ ਰਹਿਤ ਇਲਾਜ ਦੀ ਗਰੰਟੀ ਤੋਂ ਲੈ ਕੇ ਇਕ ਅਜਿਹੀ ਪ੍ਰਣਾਲੀ ਬਣਾਈ ਜਾ ਰਹੀ ਹੈ, ਜਿਸ ਨੂੰ ਲੋਕ ਸਰਗਰਮੀ ਨਾਲ ਵਰਤ ਰਹੇ ਹਨ ਅਤੇ ਭਰੋਸਾ ਕਰਦੇ ਹਨ। ਗਲਤ ਜਾਣਕਾਰੀ ਫੈਲਾਉਣ ਵਾਲਿਆਂ 'ਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਬਾਰੇ ਅਫਵਾਹਾਂ ਫੈਲਾਉਣ ਵਾਲੇ ਪੰਜਾਬ ਨੂੰ ਸਿਹਤਮੰਦ ਨਹੀਂ ਦੇਖਣਾ ਚਾਹੁੰਦੇ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮੁੱਖ ਮੰਤਰੀ ਸਿਹਤ ਯੋਜਨਾ ਸਾਰਿਆਂ ਦੀ ਭਲਾਈ ਲਈ ਵਿਆਪਕ ਸਿਹਤ ਸੰਭਾਲ ਸਕੀਮ ਹੈ ਅਤੇ ਇਸ ਬਾਰੇ ਅਫਵਾਹਾਂ ਫੈਲਾਉਣ ਵਾਲੇ ਪੰਜਾਬ ਨੂੰ ਸਿਹਤਮੰਦ ਨਹੀਂ ਦੇਖਣਾ ਚਾਹੁੰਦੇ।" ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਇਹ ਯੋਜਨਾ ਯਕੀਨੀ ਬਣਾਉਣ ਲਈ ਸ਼ੁਰੂ ਕੀਤੀ ਹੈ ਕਿ ਸਾਰੇ ਨਿਵਾਸੀਆਂ ਖ਼ਾਸ ਕਰ ਕੇ ਕਮਜ਼ੋਰ ਵਰਗਾਂ ਦੇ ਲੋਕਾਂ ਨੂੰ ਮਿਆਰੀ ਇਲਾਜ ਤੱਕ ਸਿੱਧੀ ਪਹੁੰਚ ਮਿਲੇ। ਉਨ੍ਹਾਂ ਅੱਗੇ ਕਿਹਾ ਕਿ "ਵਿਆਪਕ ਸਿਹਤ ਸੰਭਾਲ ਲਈ ਅਸੀਂ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਹੈ, ਜੋ ਦੇਸ਼ ਦੀ ਆਪਣੀ ਕਿਸਮ ਦੀ ਪਹਿਲੀ ਯੋਜਨਾ ਹੈ। ਇਹ ਪੰਜਾਬ ਵਾਸੀ ਹਰੇਕ ਪਰਿਵਾਰ ਲਈ 10 ਲੱਖ ਤੱਕ ਦਾ ਨਕਦ ਰਹਿਤ ਡਾਕਟਰੀ ਇਲਾਜ ਮੁਹੱਈਆ ਕਰਦੀ ਹੈ।"

ਇਸ ਨੂੰ ਮਾਣ ਵਾਲੀ ਗੱਲ ਦੱਸਦੇ ਹੋਏ ਮੁੱਖ ਮੰਤਰੀ ਨੇ ਕਿਹਾ, "ਪੰਜਾਬ ਅਜਿਹਾ ਵਿਆਪਕ ਸਿਹਤ ਸੰਭਾਲ ਕਵਰੇਜ ਪ੍ਰਦਾਨ ਕਰਨ ਵਾਲਾ ਪਹਿਲਾ ਭਾਰਤੀ ਸੂਬਾ ਹੈ, ਜੋ ਮਿਆਰੀ ਸਿਹਤ ਸੇਵਾਵਾਂ ਯਕੀਨੀ ਬਣਾਉਂਦੇ ਹੋਏ ਜਨਤਾ 'ਤੇ ਵਿੱਤੀ ਬੋਝ ਨੂੰ ਕਾਫ਼ੀ ਹੱਦ ਤੱਕ ਘਟਾ ਰਿਹਾ ਹੈ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਇਸ ਯੋਜਨਾ ਦਾ ਉਦੇਸ਼ ਸਰਕਾਰੀ ਕਰਮਚਾਰੀਆਂ, ਪੈਨਸ਼ਨਰਾਂ ਅਤੇ ਸਾਰੇ ਨਾਗਰਿਕਾਂ ਨੂੰ ਸੁਵਿਧਾ ਕੇਂਦਰਾਂ, ਕਾਮਨ ਸਰਵਿਸ ਸੈਂਟਰਾਂ ਜਾਂ ਆਧਾਰ ਜਾਂ ਵੋਟਰ ਕਾਰਡਾਂ ਦੀ ਵਰਤੋਂ ਕਰ ਕੇ ਆਨਲਾਈਨ ਰਜਿਸਟਰੇਸ਼ਨ ਰਾਹੀਂ ਸਿਹਤ ਕਾਰਡ ਬਣਾਉਣ ਦੇ ਨਾਲ ਸਰਬ ਵਿਆਪਕ ਸਿਹਤ ਸੰਭਾਲ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ, "ਇਸ ਯੋਜਨਾ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ, ਲੋਕ ਵੱਡੀ ਗਿਣਤੀ ਵਿੱਚ ਲਾਭ ਲੈਣ ਲਈ ਅੱਗੇ ਆ ਰਹੇ ਹਨ, ਜਿਸ ਨਾਲ ਉਨ੍ਹਾਂ ਪਰਿਵਾਰਾਂ ਨੂੰ ਵੱਡੀ ਰਾਹਤ ਮਿਲੀ ਹੈ, ਜਿਨ੍ਹਾਂ ਨੂੰ ਇਲਾਜ 'ਤੇ ਵੱਡੀ ਰਕਮ ਖ਼ਰਚਣੀ ਪੈਂਦੀ ਸੀ।" (ਬਾਕੀ ਸਫਾ 2 'ਤੇ)

ਉੱਤਰਾਖੰਡ 'ਚ ਧਾਮੀ ਕੈਬਨਿਟ ਦੇ 5 ਨਵੇਂ ਮੰਤਰੀਆਂ ਨੇ ਚੁੱਕੀ ਸਹੁੰ

ਦੇਹਰਾਦੂਨ, 20 ਮਾਰਚ (ਚ.ਨ.ਸ.): ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਸ਼ੁੱਕਰਵਾਰ ਨੂੰ ਆਪਣੀ ਕੈਬਨਿਟ ਦਾ ਵਿਸਥਾਰ ਕਰ ਦਿੱਤਾ ਹੈ। ਲੋਕ ਭਵਨ ਵਿੱਚ ਆਯੋਜਿਤ ਇੱਕ ਵਿਸ਼ੇਸ਼ ਸਮਾਰੋਹ ਦੌਰਾਨ ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ (ਰਿਟਾਇਰਡ) ਨੇ 5 ਨਵੇਂ ਮੰਤਰੀਆਂ ਨੂੰ ਅਹੁਦੇ ਅਤੇ ਭੇਦ ਗੁਪਤ ਰੱਖਣ ਦੀ ਸਹੁੰ ਚੁਕਾਈ। ਇਨ੍ਹਾਂ ਨਵੇਂ ਮੰਤਰੀਆਂ ਦੇ ਸ਼ਾਮਲ ਹੋਣ ਨਾਲ ਹੁਣ ਧਾਮੀ ਕੈਬਨਿਟ ਵਿੱਚ ਮੰਤਰੀਆਂ ਦੀ ਕੁੱਲ ਗਿਣਤੀ 12 ਹੋ ਗਈ ਹੈ। ਇਸ ਕੈਬਨਿਟ ਵਿਸਥਾਰ ਨੂੰ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਨਜ਼ਰੀਏ ਤੋਂ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ।ਸਰਕਾਰ ਨੇ ਗੜ੍ਹਵਾਲ ਅਤੇ ਕੁਮਾਊਂ ਖੇਤਰਾਂ ਦੇ ਨਾਲ-ਨਾਲ ਮੈਦਾਨੀ ਅਤੇ ਪਹਾੜੀ ਇਲਾਕਿਆਂ ਦੇ ਨੁਮਾਇੰਦਿਆਂ ਵਿਚਾਲੇ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਧਾਮੀ ਸਰਕਾਰ ਵਿੱਚ ਪਿਛਲੇ ਕੁਝ ਸਮੇਂ ਤੋਂ ਮੰਤਰੀਆਂ ਦੇ ਪੰਜ ਅਹੁਦੇ ਖਾਲੀ ਪਏ ਸਨ। ਅਪ੍ਰੈਲ, 2023 ਵਿੱਚ ਮੰਤਰੀ (ਬਾਕੀ ਸਫਾ 2 'ਤੇ)

ਤੇਲ 'ਤੇ ਈਰਾਨ-ਇਜ਼ਰਾਈਲ ਜੰਗ ਦਾ ਅਸਰ

ਪ੍ਰੀਮੀਅਮ ਪੈਟਰੋਲ 2.30 ਰੁਪਏ ਪ੍ਰਤੀ ਲੀਟਰ ਹੋਇਆ ਮਹਿੰਗਾ

ਚੜ੍ਹਦੀਕਲਾ ਬਿਊਰੋ

==========

ਨਵੀਂ ਦਿੱਲੀ, 20 ਮਾਰਚ:ਮਿਡਲ ਈਸਟ ਵਿਚ ਚੱਲ ਰਹੇ ਸੰਘਰਸ਼ ਤੇ ਕੱਚੇ ਤੇਲ ਦੀਆਂ ਕੀਮਤਾਂ ਵਿਚ ਵਾਧੇ ਦੇ ਵਿਚ ਭਾਰਤ ਵਿਚ ਪ੍ਰੀਮੀਅਮ ਪੈਟਰੋਲ ਦੇ ਰੇਟ ਵਿਚ ਵਾਧਾ ਕੀਤਾ ਗਿਆ ਹੈ।ਪ੍ਰੀਮੀਅਮ ਪੈਟਰੋਲ ਦੀਆਂ ਕੀਮਤਾਂ ਵਿਚ 2 ਤੋਂ 2.30 ਰੁਪਏ ਦਾ ਵਾਧਾ ਕੀਤਾ ਗਿਆ ਹੈ।ਨਾਰਮਲ ਪੈਟਰੋਲ ਦੇ ਰੇਟ ਵਿਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ।ਬਦਲੀਆਂ ਹੋਈਆਂ ਕੀਮਤਾਂ ਅੱਜ ਯਾਨੀ 20 ਮਾਰਚ ਤੋਂ ਹੀ ਲਾਗੂ ਹੋ ਜਾਣਗੀਆਂ।

ਐਚ.ਪੀ.ਸੀ.ਐਲ., ਦੇ ਪਾਵਰ ਪੈਟਰੋਲ ਤੇ ਆਈ.ਓ.ਸੀ.ਐੱਲ. ਦੇ ਐਕਸਪੀ95 ਵਰਗੇ ਬ੍ਰਾਂਡੇਡ ਈਂਧਨ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ। ਪ੍ਰੀਮੀਅਮ ਪੈਟਰੋਲ ਦਾ ਅਸਰ ਆਮ ਤੌਰ 'ਤੇ ਬੇਹਤਰ ਇੰਜਣ ਪਰਫਾਰਮੈਂਸ ਤੇ ਵਧ ਮਾਈਲੇਜ ਲਈ ਕੀਤਾ ਜਾਂਦਾ ਹੈ। ਐਚ.ਪੀ.ਸੀ.ਐਲ., ਬੀ.ਪੀ.ਸੀ.ਐਲ. ਤੇ ਆਈ.ਓ.ਸੀ.ਐੱਲ. ਨੇ ਪੈਟਰੋਲ ਤੇ ਡੀਜ਼ਲ ਦੇ ਰੇਟ ਵਿਚ ਵਾਧਾ ਕੀਤਾ ਹੈ। ਇਸ ਵਾਧੇ ਦੇ ਬਾਅਦ ਨਵੀਂ ਦਿੱਲੀ ਵਿਚ ਪ੍ਰੀਮੀਅਮ ਪੈਟਰੋਲ ਦੀ ਕੀਮਤ 107ਰੁਪਏ ਤੋਂ 112.30 ਰੁਪਏ ਪ੍ਰਤੀ ਲੀਟਰ ਹੋਵੇਗੀ। ਮੁੰਬਈ ਵਿਚ 115-120.30 ਰੁਪਏ ਪ੍ਰਤੀ ਲੀਟਰ ਹੋਵੇਗੀ ਤੇ ਚੇਨਈ ਵਿਚ 112-117.30 ਰੁਪਏ ਪ੍ਰਤੀ ਲੀਟਰ ਹੋਵੇਗੀ। ਨਾਰਮਲ ਪੈਟਰੋਲ ਤੇ ਡੀਜ਼ਲ ਦੇ ਰੇਟ ਵਿਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ। ਨਵੀਂ ਦਿੱਲੀ ਵਿਚ 1 ਲੀਟਰ ਪੈਟਰੋਲ ਦੀ ਕੀਮਤ 94.77 ਰੁਪਏ ਹੈ ਤੇ ਡੀਜ਼ਲ ਦੀ ਕੀਮਤ 87.67 ਰੁਪਏ ਪ੍ਰਤੀ ਲੀਟਰ ਹੈ। ਮੁੰਬਈ ਵਿਚ 1 ਲੀਟਰ ਪੈਟਰੋਲ ਦੀ ਕੀਮਤ 103.50 ਰੁਪਏ ਹੈ ਤੇ ਡੀਜ਼ਲ ਦੀ ਕੀਮਤ 90.03 ਹੈ। ਇਸੇ ਤਰ੍ਹਾਂ ਚੇਨਈ ਵਿਚ ਇਕ ਲੀਟਰ ਪੈਟਰੋਲ ਦੀ ਕੀਮਤ 100.80 ਹੈ ਤੇ ਡੀਜ਼ਲ ਦੀ ਕੀਮਤ 92.30 ਪ੍ਰਤੀ ਲੀਟਰ ਹੈ।

ਏ.ਡੀ.ਆਰ. ਦੀ ਰਿਪੋਰਟ 'ਚ ਖ਼ੁਲਾਸਾ

ਰਾਜ ਸਭਾ ਦੇ 73 ਮੈਂਬਰਾਂ 'ਤੇ ਨੇ ਅਪਰਾਧਕ ਮਾਮਲੇ ਦਰਜ

ਸੱਭ ਤੋਂ ਵੱਧ ਜਾਇਦਾਦ ਬੀ.ਆਰ.ਐਸ. ਦੇ ਬੰਦੀ ਪਾਰਥ ਜਦ ਕਿ ਸੱਭ ਤੋਂ ਘੱਟ ਸੰਤ ਸੀਚੇਵਾਲ ਕੋਲ

ਚੜ੍ਹਦੀਕਲਾ ਬਿਊਰੋ

==========

ਨਵੀਂ ਦਿੱਲੀ, 20 ਮਾਰਚ:ਚੋਣ ਸੁਧਾਰਾਂ ਨਾਲ ਸਬੰਧਤ ਗ਼ੈਰ ਸਰਕਾਰੀ ਸੰਗਠਨ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ.ਡੀ.ਆਰ.) ਦੀ ਇਕ ਰਿਪੋਰਟ ਅਨੁਸਾਰ, ਰਾਜ ਸਭਾ ਦੇ ਲਗਭਗ 32 ਪ੍ਰਤੀਸ਼ਤ ਮੌਜੂਦਾ ਸੰਸਦ ਮੈਂਬਰਾਂ ਨੇ ਆਪਣੇ ਵਿਰੁਧ ਅਪਰਾਧਕ ਮਾਮਲੇ ਐਲਾਨੇ ਹਨ, ਜਦੋਂ ਕਿ ਇਨ੍ਹਾਂ 'ਚੋਂ 14 ਪ੍ਰਤੀਸ਼ਤ ਅਰਬਪਤੀ ਹਨ। ਇਹ ਰਿਪੋਰਟ 233 ਰਾਜ ਸਭਾ ਮੈਂਬਰਾਂ ਵਿਚੋਂ 229 ਦੇ ਹਲਫ਼ਨਾਮਿਆਂ ਦੇ ਵਿਸ਼ਲੇਸ਼ਣ 'ਤੇ ਆਧਾਰਤ ਹੈ।

ਝਾਰਖੰਡ ਤੋਂ ਇਕ ਸੀਟ ਇਸ ਸਮੇਂ ਖਾਲੀ ਹੈ, ਜਦੋਂ ਕਿ ਤਿੰਨ ਸੰਸਦ ਮੈਂਬਰਾਂ ਲਈ ਹਲਫ਼ਨਾਮੇ ਉਪਲਬਧ ਨਹੀਂ ਸਨ। ਇਸ ਵਿਸ਼ਲੇਸ਼ਣ ਵਿਚ ਹਾਲ ਹੀ 'ਚ ਚੁਣੇ ਗਏ 37 ਮੈਂਬਰ ਵੀ ਸ਼ਾਮਲ ਹਨ। ਇਸ ਦੇ ਨਾਲ ਹੀ ਸਭ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਬੀ.ਆਰ.ਐਸ. ਸੰਸਦ ਮੈਂਬਰ ਬੰਦੀ ਪਾਰਥ ਸਾਰਥੀ 5,300 ਕਰੋੜ ਰੁਪਏ ਦੀ ਜਾਇਦਾਦ ਨਾਲ ਪਹਿਲੇ ਨੰਬਰ 'ਤੇ ਹਨ।

ਉਨ੍ਹਾਂ ਤੋਂ ਬਾਅਦ ਦੂਜੇ ਨੰਬਰ 'ਤੇ ਆਮ ਆਦਮੀ ਪਾਰਟੀ ਦੇ ਰਾਜਿੰਦਰ ਗੁਪਤਾ (5,053

ਪਹਿਲੇ ਸ.ਫ਼ੇ ਦੀ ਬਾਕੀ

ਪੰਜਾਬ'ਚ ਖੁੱਲ੍ਹਣਗੇ 100 ਨਵੇਂ ਮੁਹੱਲਾ

ਅਫ਼ਵਾਹਾਂ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ, "ਕੁੱਝ ਪੰਜਾਬ ਵਿਰੋਧੀ ਤਾਕਤਾਂ ਜੋ ਨਹੀਂ ਚਾਹੁੰਦੀਆਂ ਕਿ ਲੋਕ ਅਜਿਹੀਆਂ ਸਹੂਲਤਾਂ ਦਾ ਲਾਭ ਲੈਣ, ਉਹ ਇਸ ਯੋਜਨਾ ਬਾਰੇ ਅਫਵਾਹਾਂ ਫੈਲਾ ਰਹੀਆਂ ਹਨ। ਅਜਿਹੇ ਅਨਸਰਾਂ ਦਾ ਉਦੇਸ਼ ਲੋਕਾਂ ਨੂੰ ਇਸ ਦਾ ਲਾਭ ਲੈਣ ਤੋਂ ਵਾਂਝਾ ਕਰਨਾ ਹੈ, ਜੋ ਗੈਰ-ਵਾਜਬ ਹੈ।" ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਯੋਜਨਾ ਅਧੀਨ ਜ਼ਿਆਦਾਤਰ ਪ੍ਰਾਈਵੇਟ ਹਸਪਤਾਲਾਂ ਨੂੰ ਸੂਚੀਬੱਧ ਕੀਤਾ ਹੈ, ਜਿਨ੍ਹਾਂ ਵਿੱਚ ਸਰਕਾਰ ਵੱਲੋਂ ਨਿਰਧਾਰਤ ਦਰਾਂ ਉੱਤੇ ਲੱਗਭੱਗ 2600 ਬਿਮਾਰੀਆਂ ਦਾ ਇਲਾਜ ਕੀਤਾ ਜਾਂਦਾ ਹੈ।

ਕੇਂਦਰ ਦੀ ਆਯੂਸ਼ਮਨ ਯੋਜਨਾ ਨਾਲ ਤੁਲਨਾ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮੁੱਖ ਮੰਤਰੀ ਸਿਹਤ ਯੋਜਨਾ ਲੋਕਾਂ ਲਈ ਵਰਦਾਨ ਹੈ, ਜਦੋਂ ਕਿ ਆਯੂਸ਼ਮਨ ਇਕ ਦਿਖਾਵਾ ਹੈ।" ਉਨ੍ਹਾਂ ਸਮਝਾਇਆ ਕਿ "ਕੇਂਦਰ ਨੇ 140 ਕਰੋੜ ਦੀ ਆਬਾਦੀ ਲਈ ਸਿਰਫ਼ 9300 ਕਰੋੜ ਰੁਪਏ ਅਲਾਟ ਕੀਤੇ ਹਨ, ਜਦੋਂ ਕਿ ਪੰਜਾਬ ਨੇ ਸਿਰਫ਼ ਤਿੰਨ ਕਰੋੜ ਲੋਕਾਂ ਲਈ 2000 ਕਰੋੜ ਰੁਪਏ ਅਲਾਟ ਕੀਤੇ ਹਨ। ਇਸ ਦਾ ਮਤਲਬ ਹੈ ਕਿ ਪੰਜਾਬ ਪ੍ਰਤੀ ਵਿਅਕਤੀ ਲੱਗਭੱਗ ਦਸ ਗੁਣਾ ਜ਼ਿਆਦਾ ਖ਼ਰਚ ਕਰ ਰਿਹਾ ਹੈ। ਆਯੂਸ਼ਮਨ ਦੇ ਉਲਟ ਸਾਡੀ ਯੋਜਨਾ ਵਿੱਚ ਕੋਈ ਸ਼ਰਤ ਵੀ ਨਹੀਂ ਹੈ।"

ਇਸ ਸਕੀਮ ਬਾਰੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਕਿਹਾ, "ਪੰਜਾਬ ਅਤੇ ਚੰਡੀਗੜ੍ਹ ਦੇ ਲੱਗਭੱਗ 900 ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਨੂੰ ਸਕੀਮ ਦੇ ਘੇਰੇ ਵਿੱਚ ਸ਼ਾਮਲ ਕੀਤਾ ਗਿਆ ਹੈ ਅਤੇ 25 ਲੱਖ ਲਾਭਪਾਤਰੀਆਂ ਨੂੰ ਰਜਿਸਟਰ ਕੀਤਾ ਗਿਆ ਹੈ। ਇਸ ਤਹਿਤ 1.6 ਲੱਖ ਤੋਂ ਵੱਧ ਲੋਕ ਪਹਿਲਾਂ ਹੀ ਇਲਾਜ ਪ੍ਰਾਪਤ ਕਰ ਚੁੱਕੇ ਹਨ।" ਉਨ੍ਹਾਂ ਅੱਗੇ ਕਿਹਾ, "2025-26 ਲਈ 1200 ਕਰੋੜ ਅਲਾਟ ਕੀਤੇ ਗਏ ਸਨ ਅਤੇ 2026-27 ਲਈ 2000 ਕਰੋੜ ਰੱਖੇ ਗਏ ਹਨ। ਇਹ ਯੋਜਨਾ 2,356 ਮੈਡੀਕਲ ਅਤੇ ਸਰਜੀਕਲ ਪ੍ਰਕਿਰਿਆਵਾਂ ਨੂੰ ਕਵਰ ਕਰਦੀ ਹੈ, ਜਿਸ ਵਿੱਚ ਆਰਥੋਪੈਡਿਕਸ, ਜਨਰਲ ਮੈਡੀਸਨ, ਦਿਲ, ਫੇਫੜੇ, ਗੁਰਦੇ ਦੀਆਂ ਬਿਮਾਰੀਆਂ, ਕੈਂਸਰ ਦਾ ਇਲਾਜ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ।"

ਸਿਹਤ ਵਿਭਾਗ ਦਾ ਚਾਰ ਸਾਲਾ ਰਿਪੋਰਟ ਕਾਰਡ ਪੇਸ਼ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ, "ਪੰਜਾਬ ਭਰ ਵਿੱਚ 883 ਆਮ ਆਦਮੀ ਕਲੀਨਿਕ ਚੱਲ ਰਹੇ ਹਨ ਅਤੇ 28 ਮਾਰਚ ਨੂੰ 100 ਹੋਰ ਕਲੀਨਿਕ ਸਮਰਪਿਤ ਕੀਤੇ ਜਾਣਗੇ। ਇਸ ਤੋਂ ਇਲਾਵਾ 400 ਕਲੀਨਿਕ ਨਿਰਮਾਣ ਅਧੀਨ ਹਨ। ਇਨ੍ਹਾਂ ਕਲੀਨਿਕਾਂ ਵਿੱਚ 47 ਟੈਸਟ ਅਤੇ 107 ਦਵਾਈਆਂ ਮੁਫ਼ਤ ਉਪਲਬਧ ਹਨ, ਜਿਸ ਵਿੱਚ ਮਰੀਜ਼ਾਂ ਦੀ ਤਸੱਲੀ ਦੀ ਦਰ 94 ਫੀਸਦੀ ਹੈ।" ਉਨ੍ਹਾਂ ਅੱਗੇ ਕਿਹਾ, "ਓ.ਪੀ.ਡੀ. ਪੰਜ ਕਰੋੜ ਨੂੰ ਪਾਰ ਕਰ ਗਈ ਹੈ, 1.69 ਕਰੋੜ ਮਰੀਜ਼ਾਂ ਦਾ ਇਲਾਜ ਕੀਤਾ ਗਿਆ ਹੈ ਅਤੇ ਇਹ ਮਾਡਲ ਹੁਣ ਪੂਰੇ ਭਾਰਤ ਵਿੱਚ ਮਸ਼ਹੂਰ ਹੋ ਰਿਹਾ ਹੈ।"

ਮਨੁੱਖੀ ਸਰੋਤਾਂ ਵਿੱਚ ਵੱਧ ਨਿਵੇਸ਼ ਦੀ ਵਕਾਲਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਨੇ 2022 ਤੋਂ ਬਾਅਦ ਆਪਣੇ ਇਤਿਹਾਸ ਵਿੱਚ ਡਾਕਟਰਾਂ ਦੀ ਸਭ ਤੋਂ ਵੱਡੀ ਭਰਤੀ ਦੇਖੀ ਹੈ, ਜਿਸ ਵਿੱਚ 948 ਜਨਰਲ ਡਾਕਟਰ ਅਤੇ 627 ਸਪੈਸ਼ਲਿਸਟ ਸ਼ਾਮਲ ਹਨ, ਜੋ 75 ਸਾਲਾਂ ਤੋਂ ਵੱਧ ਸਮੇਂ ਵਿੱਚ ਕੁੱਲ ਸਰਕਾਰੀ ਡਾਕਟਰਾਂ ਦੀ ਭਰਤੀ ਦਾ 35 ਫੀਸਦੀ ਹੈ।" ਉਨ੍ਹਾਂ ਅੱਗੇ ਕਿਹਾ, "300 ਨਰਸਿੰਗ ਸਟਾਫ਼ ਅਤੇ 250 ਫਾਰਮਾਸਿਸਟ ਭਰਤੀ ਕੀਤੇ ਗਏ ਹਨ ਅਤੇ 672 ਨਰਸਾਂ ਦੀ ਭਰਤੀ ਜਾਰੀ ਹੈ।"

ਜੱਚਾ ਅਤੇ ਬੱਚਾ ਸਿਹਤ ਸੰਭਾਲ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਉਨ੍ਹਾਂ ਕਿਹਾ, "250 ਬਿਸਤਰਿਆਂ ਦੀ ਸਮਰੱਥਾ ਵਾਲੇ ਸੱਤ ਜੱਚਾ ਅਤੇ ਬੱਚਾ ਸਿਹਤ ਕੇਂਦਰ ਨਿਰਮਾਣ ਅਧੀਨ ਹਨ ਅਤੇ 17 ਮਾਰਚ ਨੂੰ 30 ਬਿਸਤਰਿਆਂ ਵਾਲੇ ਧੂਰੀ ਕੇਂਦਰ ਦਾ ਉਦਘਾਟਨ ਕੀਤਾ ਗਿਆ ਸੀ। ਹੁਣ ਸਾਰੇ ਹਸਪਤਾਲਾਂ ਵਿੱਚ ਮੁਫ਼ਤ ਦਵਾਈਆਂ ਉਪਲੱਬਧ ਹਨ।" ਉਨ੍ਹਾਂ ਅੱਗੇ ਕਿਹਾ ਕਿ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਇਕ ਤਰਜੀਹ ਬਣੀ ਹੋਈ ਹੈ, ਸਾਰੇ ਜ਼ਿਲ੍ਹਾ ਹਸਪਤਾਲਾਂ ਅਤੇ 42 ਸਬ-ਡਿਵੀਜ਼ਨਲ ਹਸਪਤਾਲਾਂ ਵਿੱਚੋਂ 33 ਵਿੱਚ ਹਾਟਲਾਈਨ ਸੇਵਾਵਾਂ ਕਾਰਜਸ਼ੀਲ ਹਨ। ਉਨ੍ਹਾਂ ਕਿਹਾ, "ਬਾਕੀ ਹਸਪਤਾਲ ਅਪਰੈਲ-ਮਈ 2026 ਤੱਕ ਹਾਟਲਾਈਨ ਸੇਵਾਵਾਂ ਨਾਲ ਜੁੜ ਜਾਣਗੇ ਅਤੇ ਆਧੁਨਿਕ ਮੈਡੀਕਲ ਉਪਕਰਨਾਂ 'ਤੇ 400 ਕਰੋੜ ਤੋਂ ਵੱਧ ਖ਼ਰਚੇ ਗਏ ਹਨ।"

ਮੁੱਖ ਮੰਤਰੀ ਨੇ ਅੱਗੇ ਕਿਹਾ, "50-50 ਬਿਸਤਰਿਆਂ ਵਾਲੇ 22 ਕ੍ਰਿਟੀਕਲ ਕੇਅਰ ਬਲਾਕ ਨਿਰਮਾਣ ਅਧੀਨ ਹਨ ਅਤੇ ਡਾਇਗਨੌਸਟਿਕ ਸੇਵਾਵਾਂ ਦਾ ਮਹੱਤਵਪੂਰਨ ਵਿਸਥਾਰ ਕੀਤਾ ਜਾ ਰਿਹਾ ਹੈ। ਅਕਤੂਬਰ 2026 ਤੱਕ ਸਾਰੇ ਜ਼ਿਲ੍ਹਾ ਹਸਪਤਾਲਾਂ ਵਿੱਚ ਐਮ.ਆਰ.ਆਈ. ਸੇਵਾਵਾਂ ਉਪਲੱਬਧ ਹੋਣਗੀਆਂ, ਜਿਸ ਨਾਲ 500 ਫੀਸਦੀ ਵਾਧਾ ਹੋਵੇਗਾ, ਜਦੋਂ ਕਿ ਸੀਟੀ ਸਕੈਨ ਸੇਵਾਵਾਂ ਵਿੱਚ 33 ਫੀਸਦੀ ਦਾ ਵਾਧਾ ਕੀਤਾ ਗਿਆ ਹੈ।" ਉਨ੍ਹਾਂ ਅੱਗੇ ਕਿਹਾ, "ਅੰਮ੍ਰਿਤਸਰ, ਫ਼ਰੀਦਕੋਟ, ਮੋਹਾਲੀ ਅਤੇ ਪਟਿਆਲਾ ਵਿੱਚ ਪੀਈਟੀ ਸਕੈਨ ਸਹੂਲਤਾਂ ਸ਼ੁਰੂ ਕੀਤੀਆਂ ਜਾਣਗੀਆਂ ਅਤੇ 200 ਤੋਂ ਵੱਧ ਸੂਚੀਬੱਧ ਪ੍ਰਾਈਵੇਟ ਡਾਇਗਨੌਸਟਿਕ ਸੈਂਟਰ ਮੁਫ਼ਤ ਐਕਸ-ਰੇਅ ਅਤੇ ਅਲਟਰਾ ਸਾਊਂਡ ਸੇਵਾਵਾਂ ਪ੍ਰਦਾਨ ਕਰ ਰਹੇ ਹਨ।"

ਤਕਨੀਕ ਦੀ ਵਰਤੋਂ ਬਾਰੇ ਉਨ੍ਹਾਂ ਕਿਹਾ, "ਡਾਇਲਸਿਸ ਸੇਵਾਵਾਂ ਦਾ ਵਿਸਤਾਰ ਕੀਤਾ ਗਿਆ ਹੈ ਅਤੇ ਸਮਰੱਥਾ ਦੁੱਗਣੀ ਹੋ ਕੇ 4800 ਹੋ ਗਈ ਹੈ, ਜਿਸ ਨਾਲ ਉਡੀਕ ਸਮਾਂ ਘਟਿਆ ਹੈ। ਦੇਸ਼ ਵਿੱਚ ਪਹਿਲੀ ਵਾਰ ਸਤੰਬਰ 2025 ਅਤੇ ਮਾਰਚ 2026 ਵਿਚਕਾਰ ਏ.ਆਈ.-ਸਮਰੱਥ ਕੈਂਸਰ ਸਕਰੀਨਿੰਗ ਕੀਤੀ ਗਈ, ਜਿਸ ਵਿੱਚ 9,294 ਔਰਤਾਂ ਦੀ ਛਾਤੀ ਦੇ ਕੈਂਸਰ ਲਈ ਸਕਰੀਨਿੰਗ ਕੀਤੀ ਗਈ।" ਉਨ੍ਹਾਂ ਅੱਗੇ ਕਿਹਾ, "1.07 ਲੱਖ ਲੋਕਾਂ ਦੀਆਂ ਅੱਖਾਂ ਦੀ ਸਕਰੀਨਿੰਗ ਕੀਤੀ ਗਈ, ਜਿਸ ਵਿੱਚ 21,660 ਲੋਕਾਂ ਵਿੱਚ ਦਿੱਕਤ ਦਾ ਪਤਾ ਚੱਲਿਆ।"

ਕ੍ਰਿਟੀਕਲ ਕੇਅਰ ਪਹਿਲਕਦਮੀਆਂ ਦਾ ਵੇਰਵਾ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮਿਸ਼ਨ ਅੰਮ੍ਰਿਤ ਤਹਿਤ ਪੰਜਾਬ ਸਟੈਮ ਪ੍ਰਾਜੈਕਟ ਨੂੰ ਦਿਲ ਦੇ ਦੌਰੇ ਦੇ ਮਰੀਜ਼ਾਂ ਦੀ ਦੇਖਭਾਲ ਲਈ 23 ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਗਿਆ ਹੈ, 29,000 ਮਰੀਜ਼ਾਂ ਨੂੰ ਦਰਜ ਕੀਤਾ ਗਿਆ ਹੈ ਅਤੇ 1700 ਤੋਂ ਵੱਧ ਕੇਸਾਂ ਦੀ ਪਛਾਣ ਕੀਤੀ ਗਈ ਹੈ।" ਉਨ੍ਹਾਂ ਅੱਗੇ ਕਿਹਾ, "ਸੀ.ਐਮ.ਸੀ. ਲੁਧਿਆਣਾ ਅਤੇ ਮੈਡਟ੍ਰੋਨਿਕ ਦੇ ਸਹਿਯੋਗ ਨਾਲ - ਸਮਰੱਥ ਪੰਜਾਬ ਸਟ੍ਰੋਕ ਪ੍ਰਾਜੈਕਟ ਪਹਿਲਾਂ ਹੀ 100 ਤੋਂ ਵੱਧ ਮਰੀਜ਼ਾਂ ਨੂੰ ਲਾਭ ਪਹੁੰਚਾ ਚੁੱਕਾ ਹੈ।"

ਉਨ੍ਹਾਂ ਅੱਗੇ ਕਿਹਾ, "ਆਪਣੀ ਕਿਸਮ ਦਾ ਪਹਿਲਾ ਪੰਜਾਬ ਇੰਸਟੀਚਿਊਟ ਆਫ਼ ਲਿਵਰ ਐਂਡ ਬਾਇਲਰੀ ਸਾਇੰਸਜ਼ ਲੋਕਾਂ ਨੂੰ ਵੱਡੀ ਰਾਹਤ ਪ੍ਰਦਾਨ ਕਰ ਰਿਹਾ ਹੈ।" ਉਨ੍ਹਾਂ ਕਿਹਾ, "ਮੁੱਖ ਮੰਤਰੀ ਕੀ ਯੋਗਸ਼ਾਲਾ ਮੁਹਿੰਮ ਤਹਿਤ ਰੋਜ਼ਾਨਾ 8000 ਯੋਗਾ ਸੈਸ਼ਨ ਕਰਵਾਏ ਜਾਂਦੇ ਹਨ, ਜਿਸ ਨਾਲ ਲਗਪਗ ਦੋ ਲੱਖ ਲੋਕਾਂ ਨੂੰ ਲਾਭ ਪਹੁੰਚਦਾ ਹੈ।"

ਡਾਕਟਰੀ ਸਿੱਖਿਆ ਬਾਰੇ ਮੁੱਖ ਮੰਤਰੀ ਨੇ ਕਿਹਾ, "ਸੱਤ ਨਵੇਂ ਮੈਡੀਕਲ ਕਾਲਜ ਉਸਾਰੀ ਅਧੀਨ ਹਨ, ਜਿਸ ਨਾਲ 600 ਨਵੀਆਂ ਐਮ.ਬੀ.ਬੀ.ਐਸ. ਸੀਟਾਂ ਵਧਣਗੀਆਂ, ਜਿਸ ਨਾਲ ਪੰਜਾਬ ਨੂੰ ਡਾਕਟਰੀ ਸਿੱਖਿਆ ਦੇ ਕੇਂਦਰ ਵਜੋਂ ਵਿਕਸਤ ਕਰਨ ਵਿੱਚ ਮਦਦ ਮਿਲੇਗੀ।" ਉਨ੍ਹਾਂ ਸਿੱਟਾ ਕੱਢਿਆ, "ਪੰਜਾਬ ਸਰਕਾਰ ਆਉਣ ਵਾਲੇ ਸਮੇਂ ਵਿੱਚ ਪੰਜਾਬ ਨੂੰ ਸਿਹਤਮੰਦ ਅਤੇ ਪ੍ਰਗਤੀਸ਼ੀਲ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।" ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਅਤੇ ਹੋਰ ਵੀ ਮੌਜੂਦ ਸਨ।

ਪੰਜਾਬ 'ਚ ਮੀਂਹ ਤੇ ਤੇਜ਼ ਹਵਾਵਾਂ ਨੇ

ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ 24 ਘੰਟਿਆਂ ਦੌਰਾਨ ਚੰਡੀਗੜ੍ਹ ਵਿੱਚ 4.8 ਐੱਮ.ਐੱਮ., ਅੰਮ੍ਰਿਤਸਰ ਵਿੱਚ 3.9 ਐੱਮ.ਐੱਮ., ਲੁਧਿਆਣਾ ਵਿੱਚ 2.2 ਐੱਮ.ਐੱਮ., ਪਟਿਆਲਾ ਵਿੱਚ 2 ਐੱਮ.ਐੱਮ., ਬਠਿੰਡਾ ਵਿੱਚ 2 ਐੱਮ.ਐੱਮ., ਫਰੀਦਕੋਟ ਵਿੱਚ 0.4 ਐੱਮ ਐੱਮ, ਗੁਰਦਾਸਪੁਰ ਵਿੱਚ 17 ਐੱਮ ਐੱਮ, ਨਵਾਂ ਸ਼ਹਿਰ ਵਿੱਚ 2 ਐੱਮ ਐੱਮ, ਫਾਜ਼ਿਲਕਾ ਵਿੱਚ 2.5 ਐੱਮ.ਐੱਮ., ਮੁਹਾਲੀ ਵਿੱਚ 3 ਐੱਮ.ਐੱਮ., ਪਠਾਨਕੋਟ ਵਿੱਚ 10.5 ਐੱਮ.ਐੱਮ., ਰੂਪਨਗਰ ਵਿੱਚ 9.5 ਐੱਮ.ਐੱਮ. ਅਤੇ ਸੰਗਰੂਰ ਵਿੱਚ 3 ਐੱਮ.ਐੱਮ. ਮੀਂਹ ਪਿਆ ਹੈ।

ਪੱਛਮੀ ਗੜਬੜੀ ਕਾਰਨ ਮੀਂਹ ਜਾਰੀ

ਗ਼ੌਰਤਲਬ ਹੈ ਕਿ ਪੱਛਮੀ ਗੜਬੜੀਆਂ ਉਹ ਮੌਸਮੀ ਪ੍ਰਣਾਲੀਆਂ ਹੁੰਦੀਆਂ ਹਨ ਜੋ ਭੂਮੱਧ ਸਾਗਰ ਖੇਤਰ ਤੋਂ ਆਉਂਦੀਆਂ ਹਨ ਅਤੇ ਆਮ ਤੌਰ 'ਤੇ ਭਾਰਤੀ ਉਪਮਹਾਂਦੀਪ ਵਿੱਚ ਸਰਦੀ 'ਚ ਮੀਂਹ ਅਤੇ ਕਦੇ-ਕਦੇ ਤੂਫ਼ਾਨ ਲਿਆਉਂਦੀਆਂ ਹਨ ਪਰ ਮਾਰਚ ਵਿੱਚ ਹੋ ਰਹੀ ਇਸ ਤਰ੍ਹਾਂ ਦੀ ਗਤੀਵਿਧੀ ਨੇ ਲੋਕਾਂ ਅਤੇ ਕਿਸਾਨਾਂ ਦਾ ਵੱਡੇ ਪੱਧਰ 'ਤੇ ਧਿਆਨ ਖਿੱਚਿਆ ਹੈ।

ਮੌਸਮ ਦੇ ਬਦਲਦੇ ਮਿਜ਼ਾਜ ਕਾਰਨ ਕਿਸਾਨ ਸਹਿਮ ਗਏ ਹਨ ਹੈ। ਹਲਕੀ-ਫੁਲਕੀ ਕਿਣਮਿਣ ਕਣੀ ਨਾਲ ਚੱਲਣ ਲੱਗੀ ਤੇਜ਼ ਹਵਾ ਨੇ ਕਿਸਾਨਾਂ ਦੀ ਸਿਰਦਰਦੀ ਵਧਾ ਦਿੱਤੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਖੇਤੀ ਮਹਿਕਮੇ ਵੱਲੋਂ ਸੂਬੇ ਵਿਚ ਲਗਾਤਾਰ ਅਜਿਹਾ ਮੌਸਮ ਰਹਿਣ ਦੀ ਦਿੱਤੀ ਚਿਤਾਵਨੀ ਨੇ ਪਹਿਲਾਂ ਹੀ ਕਿਸਾਨਾਂ ਦੇ ਸਾਹ ਸੂਤ ਦਿੱਤੇ ਹਨ।

ਸੂਬੇ ਦੇ ਵੱਖ ਵੱਖ ਖੇਤਰਾਂ ਵਿੱਚ ਰੁਕ ਰੁਕ ਕੇ ਪੈ ਰਹੀਆਂ ਹਲਕੀਆਂ ਕਣੀਆਂ ਕਿਸਾਨਾਂ ਲਈ ਸਿਰਦਰਦੀ ਬਣਨ ਲੱਗੀਆਂ ਹਨ। ਹਵਾ ਨਾਲ ਪੱਕ ਕੇ ਤਿਆਰ ਹੋਣ ਵਾਲੀ ਕਣਕ ਦੇ ਬੂਟੇ ਖੇਤਾਂ ਵਿਚ ਮੂਧੇ ਹੋਣੇ ਸ਼ੁਰੂ ਹੋ ਗਏ ਹਨ। ਖੇਤੀ ਵਿਭਾਗ ਮਾਨਸਾ ਦੇ ਜ਼ਿਲ੍ਹਾ ਮੁੱਖ ਅਫ਼ਸਰ ਹਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਜੇ ਇਸ ਮੀਂਹ ਦੌਰਾਨ ਤੇਜ਼ ਹਵਾ ਅਤੇ ਝੱਖੜ ਨਹੀਂ ਝੁਲਦਾ ਹੈ ਤਾਂ ਕਣਕ ਸਣੇ ਹੋਰ ਹਾੜ੍ਹੀ ਦੀ ਕਿਸੇ ਵੀ ਫਸਲ ਦਾ ਕੋਈ ਨੁਕਸਾਨ ਨਹੀਂ ਹੋ ਸਕਦਾ ਹੈ। ਉਨ੍ਹਾਂ ਮੰਨਿਆ ਕਿ ਇਸ ਮੌਸਮ ਵਿਚਲੀ ਸਿੱਲ ਕਾਰਨ ਸਰੋਂ ਦੀ ਵਾਢੀ ਦਾ ਕੰਮ ਕੁਝ ਸਮੇਂ ਲਈ ਰੁਕ ਸਕਦਾ ਹੈ।

ਮੌਸਮ ਵਿਭਾਗ ਅਨੁਸਾਰ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ

ਪਹਾੜਾਂ 'ਤੇ ਹੋਈ ਬਰਫ਼ਬਾਰੀ ਅਤੇ ਪੰਜਾਬ ਸਣੇ ਚੰਡੀਗੜ੍ਹ ਵਿੱਚ ਦੋ ਦਿਨਾਂ ਤੋਂ ਰੁਕ-ਰੁਕ ਕੇ ਪੈ ਰਹੇ ਮੀਂਹ ਕਾਰਨ ਤਾਪਮਾਨ ਵਿੱਚ ਭਾਰੀ ਗਿਰਾਵਟ ਆ ਗਈ ਹੈ। ਮੌਸਮ ਵਿਭਾਗ ਅਨੁਸਾਰ ਅੱਜ ਮਾਲਵਾ ਸਣੇ ਪੰਜਾਬ ਦੇ ਮਾਝਾ-ਦੁਆਬਾ ਵਿੱਚ ਬਿਜਲੀ ਚਮਕਣ ਸਣੇ 30 ਤੋਂ 40 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ।

ਉਧਰ ਹਰਿਆਣਾ ਵਿੱਚ ਪਿਛਲੇ ਪੰਜ ਦਿਨਾਂ ਵਿੱਚ ਮੀਂਹ ਦੇ ਦੂਜੇ ਦੌਰ ਨੇ ਸੂਬੇ ਭਰ ਦੇ ਕਿਸਾਨਾਂ ਵਿੱਚ ਚਿੰਤਾ ਵਧਾ ਦਿੱਤੀ ਹੈ, ਕਿਉਂਕਿ ਵਿਛੀਆਂ ਹੋਈਆਂ ਫ਼ਸਲਾਂ ਨੇ ਪੈਦਾਵਾਰ ਅਤੇ ਝਾੜ ਬਾਰੇ ਫ਼ਿਕਰ ਪੈਦਾ ਕਰ ਦਿੱਤੇ ਹਨ। ਇਸ ਵਾਢੜ ਨੇ ਘੱਟੋ-ਘੱਟ ਤਾਪਮਾਨ ਵਿੱਚ ਗਿਰਾਵਟ ਲਿਆਂਦੀ ਹੈ। ਔਸਤ ਘੱਟੋ-ਘੱਟ ਤਾਪਮਾਨ ਵਿੱਚ 1.2 ਡਿਗਰੀ ਸੈਲਸੀਅਸ ਦੀ ਕਮੀ ਆਈ ਹੈ।

ਉੱਤਰਾਖੰਡ 'ਚ ਧਾਮੀ ਕੈਬਨਿਟ ਦੇ 5 ਨਵੇਂ

ਚੰਦਨ ਰਾਮ ਦਾਸ ਦੇ ਦੇਹਾਂਤ ਅਤੇ ਪਿਛਲੇ ਸਾਲ ਪ੍ਰੇਮ ਚੰਦ ਅਗਰਵਾਲ ਦੇ ਅਸਤੀਫੇ ਤੋਂ ਬਾਅਦ ਮੰਤਰੀ ਮੰਡਲ ਦੀ ਗਿਣਤੀ ਘਟ ਕੇ ਸੱਤ ਰਹਿ ਗਈ ਸੀ। ਸੰਵਿਧਾਨਕ ਨਿਯਮਾਂ ਅਨੁਸਾਰ ਉੱਤਰਾਖੰਡ ਵਿੱਚ ਵੱਧ ਤੋਂ ਵੱਧ 12 ਮੰਤਰੀ ਹੋ ਸਕਦੇ ਹਨ, ਜੋ ਹੁਣ ਪੂਰੇ ਕਰ ਲਏ ਗਏ ਹਨ। ਸਹੁੰ ਚੁੱਕ ਸਮਾਰੋਹ ਤੋਂ ਬਾਅਦ ਮੁੱਖ ਮੰਤਰੀ ਧਾਮੀ ਨੇ ਨਵੇਂ ਮੰਤਰੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਪੂਰੀ ਟੀਮ 'ਟੀਮ ਵਰਕ' ਦੀ ਭਾਵਨਾ ਨਾਲ ਸੂਬੇ ਦੇ ਵਿਕਾਸ ਅਤੇ ਲੋਕਾਂ ਦੀ ਸੇਵਾ ਲਈ ਕੰਮ ਕਰੇਗੀ।

ਰਾਜ ਸਭਾ ਦੇ 73 ਮੈਂਬਰਾਂ 'ਤੇ ਨੇ

ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ.ਸੀ.ਪੀ.) ਦੇ ਤਿੰਨ ਸੰਸਦ ਮੈਂਬਰਾਂ ਨੇ 100 ਕਰੋੜ ਤੋਂ ਵੱਧ ਦੀ ਜਾਇਦਾਦ ਐਲਾਨੀ ਹੈ। ਰਾਜ ਸਭਾ ਮੈਂਬਰ ਦੀ ਔਸਤ ਜਾਇਦਾਦ 120.69 ਕਰੋੜ ਹੋਣ ਦਾ ਅਨੁਮਾਨ ਹੈ।

ਭਾਜਪਾ ਦੇ ਮਾਮਲੇ 'ਚ ਪ੍ਰਤੀ ਸੰਸਦ ਮੈਂਬਰ ਔਸਤ ਜਾਇਦਾਦ 28.29 ਕਰੋੜ ਹੈ, ਜਦੋਂ ਕਿ ਕਾਂਗਰਸ ਲਈ 128.61 ਕਰੋੜ, ਤ੍ਰਿਣਮੂਲ ਕਾਂਗਰਸ ਲਈ 17.70 ਕਰੋੜ ਅਤੇ ਆਮ ਆਦਮੀ ਪਾਰਟੀ ਲਈ 574.09 ਕਰੋੜ ਹੈ। ਹੋਰ ਪਾਰਟੀਆਂ ਵਿਚ ਵਾਈ.ਐਸ.ਆਰ.ਸੀ.ਪੀ. (522.63 ਕਰੋੜ), ਸਮਾਜਵਾਦੀ ਪਾਰਟੀ (399.71 ਕਰੋੜ), ਬੀਜੂ ਜਨਤਾ ਦਲ (105.63 ਕਰੋੜ), ਅਤੇ ਡੀ.ਐਮ.ਕੇ. (11.90 ਕਰੋੜ) ਸ਼ਾਮਲ ਹਨ। ਜਿਨ੍ਹਾਂ 229 ਸੰਸਦ ਮੈਂਬਰਾਂ ਦੇ ਦਸਤਾਵੇਜ਼ਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ, ਉਨ੍ਹਾਂ ਵਿਚੋਂ 73 (32 ਪ੍ਰਤੀਸ਼ਤ) ਨੇ ਅਪਰਾਧਕ ਮਾਮਲੇ ਐਲਾਨੇ ਹਨ।

ਇਨ੍ਹਾਂ ਵਿਚੋਂ 36 (16 ਪ੍ਰਤੀਸ਼ਤ) ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਇਕ ਸੰਸਦ ਮੈਂਬਰ ਨੇ ਕਤਲ ਦਾ ਮਾਮਲਾ ਐਲਾਨਿਆ ਹੈ, ਚਾਰ ਨੇ ਕਤਲ ਦੀ ਕੋਸ਼ਿਸ਼ ਦੇ ਮਾਮਲੇ ਅਤੇ ਤਿੰਨ ਨੇ ਔਰਤਾਂ ਵਿਰੁਧ ਅਪਰਾਧਾਂ ਨਾਲ ਸਬੰਧਤ ਮਾਮਲੇ ਦਰਜ ਹੋਣ ਬਾਰੇ ਜਾਣਕਾ

ਧੋਖਾਧੜੀ ਨਾਲ ਚੀਨ ਦੇ ਕੁਝ ਨਾਗਰਿਕਾਂ ਦੇ ਖਾਤਿਆਂ 'ਚ ਪੈਸਾ ਭੇਜਣ ਵਾਲੇ ਮਿਊਲ ਖਾਤਾ ਗਿਰੋਹ ਦੇ ਤਿੰਨ ਮੈਂਬਰ ਕਾਬੂ

ਚੰਡੀਗੜ੍ਹ, 20 ਮਾਰਚ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਪੰਜਾਬ ਪੁਲਿਸ ਦੇ ਸਟੇਟ ਸਾਈਬਰ ਕ੍ਰਾਈਮ ਡਿਵੀਜ਼ਨ ਨੇ ਸਾਈਬਰ ਧੋਖਾਧੜੀ ਕਰਨ ਵਾਲਿਆਂ ਨੂੰ ਫਰਜ਼ੀ ਫੰਡਾਂ ਦੀ ਰੂਟਿੰਗ, ਲੇਅਰਿੰਗ ਤੇ ਸੈਟਲਮੈਂਟ ਕਰਨ ਲਈ ਚਾਲੂ ਬੈਂਕ ਖਾਤੇ (ਮਿਊਲ ਖਾਤੇ)- ਖੋਲ੍ਹਣ ਤੇ ਉਪਲਬਧ ਕਰਵਾਉਣ ਵਿੱਚ ਸ਼ਾਮਲ ਗਿਰੋਹ ਦੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ। ਮਿਊਲ ਖਾਤਾ ਅਜਿਹਾ ਬੈਂਕ ਖਾਤਾ ਹੁੰਦਾ ਹੈ, ਜੋ ਅਪਰਾਧੀਆਂ ਵੱਲੋਂ ਖਾਤਾ ਧਾਰਕ ਦੀ ਜਾਣਕਾਰੀ ਤੋਂ ਬਿਨਾਂ ਜਾਂ ਕਈ ਵਾਰ ਉਸਦੀ ਮਿਲੀਭੁਗਤ ਨਾਲ ਗੈਰ-ਕਾਨੂੰਨੀ ਫੰਡ ਪ੍ਰਾਪਤ ਕਰਨ, ਟ੍ਰਾਂਸਫਰ ਕਰਨ ਜਾਂ ਲਾਂਡਰਿੰਗ ਕਰਨ ਲਈ ਵਰਤਿਆ ਜਾਂਦਾ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਜੀਤ ਸਿੰਘ, ਰਮਨ ਰਾਏ ਤੇ ਸੁਖਦੇਵ ਸਿੰਘ ਵਜੋਂ ਹੋਈ ਹੈ, ਜੋ ਸਾਰੇ ਫਾਜ਼ਿਲਕਾ ਦੇ ਜਲਾਲਾਬਾਦ ਦੇ ਰਹਿਣ ਵਾਲੇ ਹਨ ਤੇ ਮੌਜੂਦਾ ਸਮੇਂ ਵਿੱਚ ਮੋਹਾਲੀ

ਦੇ ਫੇਜ਼-5 ਵਿਖੇ ਕਿਰਾਏ ਦੇ ਕਮਰੇ ਤੋਂ 'ਬੁਦਰ ਟਰੇਡਰਜ਼' ਦੇ ਨਾਮ ਹੇਠ ਚਾਲੂ ਬੈਂਕ ਖਾਤਿਆਂ ਰਾਹੀਂ ਸਾਈਬਰ ਧੋਖਾਧੜੀਆਂ ਕਰਨ ਵਿੱਚ ਸਰਗਰਮ ਸਨ।

ਪੁਲਿਸ ਟੀਮਾਂ ਨੇ ਗਿਰੋਹ ਨਾਲ ਜੁੜੇ ਬੈਂਕ ਖਾਤਿਆਂ ਵਿੱਚ ਲਗਭਗ 20 ਲੱਖ ਰੁਪਏ ਜ਼ਬਤ ਕੀਤੇ ਹਨ। ਇਸ ਤੋਂ ਇਲਾਵਾ 23 ਏ.ਟੀ.ਐਮ. ਕਾਰਡ, ਦੋ ਲੈਪਟਾਪ, ਸੱਤ ਮੋਬਾਈਲ ਫੋਨ, ਪੰਜ ਸਿਮ ਕਾਰਡ, ਜਾਅਲੀ ਬੈਂਕ/ਕੇ.ਵਾਈ.ਸੀ. ਦਸਤਾਵੇਜ਼ ਜਿਨ੍ਹਾਂ ਵਿੱਚ 14 ਚੈੱਕ ਬੁੱਕਾਂ ਅਤੇ ਉਦਯਮ ਸਰਟੀਫਿਕੇਟ, ਛੇ ਟਿਕਟਾਂ ਤੇ 5100 ਯੂਐਸਡੀਟੀ ਮੁੱਲ ਦੀ ਕ੍ਰਿਪਟੋਕਰੰਸੀ ਬਰਾਮਦ ਕੀਤੀ ਗਈ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਜਾਂਚ ਦੌਰਾਨ ਇਹ ਪਾਇਆ ਗਿਆ ਕਿ ਦੋਸ਼ੀ ਪਿਛਲੇ ਦੋ ਸਾਲਾਂ ਤੋਂ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਸਨ, ਸਾਈਬਰ ਧੋਖਾਧੜੀ ਕਰਨ ਵਾਲਿਆਂ ਨੂੰ ਮਿਊਲ ਬੈਂਕ ਖਾਤੇ ਪ੍ਰਦਾਨ ਕਰਕੇ ਹੁਣ ਤੱਕ ਲਗਭਗ 50 ਲੱਖ ਰੁਪਏ ਦਾ ਕਮਿਸ਼ਨ ਕਮਾ ਚੁਕੇ ਹਨ। ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦਿਆਂ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਸਾਈਬਰ ਕ੍ਰਾਈਮ ਵੀ. ਨੀਰਜਾ ਨੇ ਕਿਹਾ ਕਿ ਇਹ ਕਾਰਵਾਈ ਸਾਈਬਰ ਅਪਰਾਧ ਨੂੰ ਰੋਕਣ ਲਈ ਚੱਲ ਰਹੇ ਆਪ੍ਰੇਸ਼ਨਾਂ ਤਹਿਤ ਕੀਤੀ ਗਈ ਹੈ। "ਉਨ੍ਹਾਂ ਇਹ ਵੀ ਕਿਹਾ ਕਿ ਆਈ4ਸੀ ਦੇ ਸਮਨਵੇ ਪੋਰਟਲ 'ਤੇ ਤਸਦੀਕ ਕੀਤੇ ਗਏ ਅੰਤਰ-ਰਾਜੀ ਲਿੰਕੇਜ ਰਾਹੀਂ ਇਹ ਮਿਊਲ ਖਾਤੇ 24 ਸਾਈਬਰ ਧੋਖਾਧੜੀ ਪੀੜਤਾਂ ਨਾਲ ਜੁੜੇ ਹੋਏ ਸਨ, ਜਿਨ੍ਹਾਂ ਵਿੱਚ 26.65 ਲੱਖ ਰੁਪਏ ਲੀਅਨ ਮਾਰਕ ਕਰ ਦਿੱਤੇ ਗਏ ਹਨ। ਵਿਸ਼ੇਸ਼ ਡੀਜੀਪੀ ਨੇ ਕਿਹਾ ਕਿ ਇਸ ਗਿਰੋਹ ਨਾਲ ਜੁੜੇ ਸਾਈਬਰ ਧੋਖਾਧੜੀ ਦੇ ਹੋਰ ਪੀੜਤਾਂ ਦਾ ਪਤਾ ਲਗਾਉਣ ਅਤੇ ਪੂਰੇ ਨੈੱਟਵਰਕ ਦੀ ਪੜਤਾਲ ਲਈ ਬਰਾਮਦ ਕੀਤੇ ਗਏ ਏ.ਟੀ. ਐਮ. ਕਾਰਡਾਂ ਦੀ ਜਾਂਚ ਜਾਰੀ ਹੈ। ਇਸ ਸਬੰਧ ਵਿੱਚ ਐਫਆਈਆਰ ਨੰਬਰ 16 17/3/2026 ਨੂੰ ਪੁਲਿਸ ਸਟੇਸ਼ਨ ਸਟੇਟ ਸਾਈਬਰ ਕ੍ਰਾਈਮ, ਪੰਜਾਬ ਵਿਖੇ ਬੀਐਨਸੀ ਦੀ ਧਾਰਾ 318(4) ਅਤੇ 61(2) ਅਤੇ ਸੂਚਨਾ ਤਕਨਾਲੋਜੀ ਐਕਟ ਦੀ ਧਾਰਾ 66ਡੀ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਸ੍ਰੀ ਗੁਰੂ ਰਵਿਦਾਸ ਬਾਣੀ ਅਧਿਐਨ ਸੈਂਟਰ ਦੀ ਉਸਾਰੀ ਜਲਦ ਸ਼ੁਰੂ ਹੋਵੇਗੀ : ਚੀਮਾ

ਚੰਡੀਗੜ੍ਹ/ਜਲੰਧਰ, 20 ਮਾਰਚ (ਚ.ਨ.ਸ.): ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਐਲਾਨ ਕੀਤਾ ਕਿ ਜਲੰਧਰ ਜ਼ਿਲ੍ਹੇ ਦੇ ਡੇਰਾ ਸੱਚਖੰਡ ਬੱਲਾਂ ਨੇੜੇ ਬਣਨ ਵਾਲੇ "ਸ੍ਰੀ ਗੁਰੂ ਰਵਿਦਾਸ ਬਾਣੀ ਅਧਿਐਨ ਸੈਂਟਰ" ਦਾ ਨਿਰਮਾਣ ਕਾਰਜ ਇਸ ਦਾ ਅਧਿਕਾਰਤ ਨਕਸ਼ਾ (ਲੇਆਊਟ ਪਲਾਨ) ਤਿਆਰ ਹੋਣ ਤੋਂ ਬਾਅਦ ਜਲਦ ਹੀ ਸ਼ੁਰੂ ਹੋ ਜਾਵੇਗਾ। ਇਹ ਐਲਾਨ ਉਨ੍ਹਾਂ ਨੇ ਡੇਰਾ ਸੱਚਖੰਡ ਬੱਲਾਂ ਦੇ ਦੌਰੇ ਦੌਰਾਨ ਕੀਤਾ, ਜਿੱਥੇ ਉਨ੍ਹਾਂ ਨੇ ਖੁਦ ਪ੍ਰਸਤਾਵਿਤ ਨਕਸ਼ੇ ਦੀ ਸਮੀਖਿਆ ਕੀਤੀ ਅਤੇ ਪ੍ਰੋਜੈਕਟ ਦੀ ਪ੍ਰਗਤੀ ਦਾ ਜਾਇਜ਼ਾ ਲਿਆ।

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜਾਣਕਾਰੀ ਦਿੱਤੀ ਕਿ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਲਈ ਪੰਜਾਬ ਸਰਕਾਰ ਨੇ ਪਿੰਡ ਨੌਗੱਜਾ ਅਤੇ ਫਰੀਦਪੁਰ ਵਿੱਚ 10.50 ਏਕੜ ਜ਼ਮੀਨ ਦਾ ਕਬਜ਼ਾ ਲੈ ਲਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਲੇਆਊਟ ਪਲਾਨ ਨੂੰ ਡੇਰੇ ਦੇ ਮੌਜੂਦਾ ਮੁਖੀ ਸੰਤ ਨਿਰੰਜਨ ਦਾਸ ਜੀ ਵੱਲੋਂ ਰਸਮੀ ਸਹਿਮਤੀ ਦੇ ਦਿੱਤੀ ਗਈ ਹੈ, ਜਿਸ ਨਾਲ ਵਿਕਾਸ ਦੇ ਅਗਲੇ ਪੜਾਅ ਦਾ ਰਾਹ ਪੱਧਰਾ ਹੋ ਗਿਆ ਹੈ। ਉਨ੍ਹਾਂ ਕਿਹਾ, "ਟੈਂਡਰ ਪ੍ਰਕਿਰਿਆ ਜਲਦੀ ਮੁਕੰਮਲ ਕਰ ਲਈ ਜਾਵੇਗੀ ਤਾਂ ਜੋ ਪ੍ਰੋਜੈਕਟ ਦੀ ਉਸਾਰੀ ਰਸਮੀ ਤੌਰ 'ਤੇ ਸ਼ੁਰੂ ਕੀਤੀ ਜਾ ਸਕੇ। ਇਹ ਕੇਂਦਰ ਸਿੱਖਿਆ ਅਤੇ ਅਧਿਆਤਮਿਕ ਖੋਜ ਲਈ

ਇੱਕ ਵਿਆਪਕ ਹੱਬ ਵਜੋਂ ਤਿਆਰ ਕੀਤਾ ਜਾਵੇਗਾ। ਇਸ ਕੇਂਦਰ ਵਿੱਚ ਆਧੁਨਿਕ ਕਲਾਸਰੂਮਾਂ ਨਾਲ ਲੈਸ ਇੱਕ ਪ੍ਰਬੰਧਕੀ ਬਲਾਕ, ਇੱਕ ਸਮਰਪਿਤ ਲਾਇਬ੍ਰੇਰੀ ਤੇ ਵਿਸ਼ੇਸ਼ ਕੋਚਿੰਗ ਸਹੂਲਤਾਂ ਹੋਣਗੀਆਂ, ਜਿੱਥੇ 500 ਵਿਦਿਆਰਥੀ ਇੱਕੋ ਸਮੇਂ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਦਾ ਅਧਿਐਨ ਕਰ ਸਕਣਗੇ। ਇਸ ਤੋਂ ਇਲਾਵਾ, ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਸਿੱਖਿਆਵਾਂ ਤੇ ਫਲਸਫੇ ਨਾਲ ਸਬੰਧਤ ਸਮੱਗਰੀ ਤੇ ਵਸਤਾਂ ਦੀ ਪ੍ਰਦਰਸ਼ਨੀ ਲਈ ਇੱਕ ਵਿਸ਼ੇਸ਼ "ਗੁਰੂ ਰਵਿਦਾਸ ਬਾਣੀ ਇੰਟਰਪ੍ਰੀਟੇਸ਼ਨ ਹਾਲ" ਵੀ ਬਣਾਇਆ ਜਾਵੇਗਾ।"

ਪ੍ਰੋਜੈਕਟ ਦੇ ਵਿਸ਼ਾਲ ਦ੍ਰਿਸ਼ਟੀਕੋਣ ਬਾਰੇ ਦੱਸਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੈਂਪਸ ਵਿੱਚ ਰਿਹਾਇਸ਼ੀ ਅਤੇ ਮਨੋਰੰਜਨ ਦੀਆਂ ਵੀ ਪੂਰੀਆਂ ਸਹੂਲਤਾਂ ਹੋਣਗੀਆਂ। ਉਨ੍ਹਾਂ ਅੱਗੇ ਦੱਸਿਆ, "ਕੈਂਪਸ ਵਿੱਚ ਲੜਕਿਆਂ ਤੇ ਲੜਕੀਆਂ ਲਈ ਵੱਖਰੇ ਹੋਸਟਲ, ਅਧਿਆਪਕਾਂ ਲਈ ਰਿਹਾਇਸ਼ੀ ਕੁਆਰਟਰ, ਇੱਕ ਕੰਟੀਨ ਅਤੇ ਵਾਲੀਬਾਲ ਤੇ ਬਾਸਕਟਬਾਲ ਦੇ ਵਿਸ਼ੇਸ਼ ਮੈਦਾਨ ਵੀ ਸ਼ਾਮਲ ਹੋਣਗੇ।"

ਇਸ ਪਹਿਲਕਦਮੀ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇਹ ਪ੍ਰੋਜੈਕਟ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਦ੍ਰਿੜਤਾ ਨਾਲ ਕਿਹਾ, "ਪੰਜਾਬ ਸਰਕਾਰ ਗੁਰੂ ਜੀ ਦੀ ਅਧਿਆਤਮਿਕ ਅਤੇ ਸਮਾਜਿਕ ਵਿਰਾਸਤ ਨੂੰ ਸੰਭਾਲਣ ਤੇ ਪ੍ਰਫੁੱਲਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਹ ਵਿਸ਼ਵ ਪੱਧਰੀ ਸਟੱਡੀ ਸੈਂਟਰ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਵਿੱਤਰ ਬਾਣੀ ਨਾਲ ਜੋੜਨ ਅਤੇ ਇਸ ਸੰਦੇਸ਼ ਨੂੰ ਵਿਸ਼ਵ ਪੱਧਰ 'ਤੇ ਲਿਜਾਣ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗਾ।" ਵਿੱਤ ਮੰਤਰੀ ਦੇ ਨਾਲ ਇਸ ਮੌਕੇ ਵਿਧਾਇਕ ਬਲਕਾਰ ਸਿੰਘ, ਵਿਧਾਇਕਾ ਇੰਦਰਜੀਤ ਕੌਰ ਮਾਨ, ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਪਵਨ ਕੁਮਾਰ ਟੀਨੂੰ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ ਪ੍ਰਿੰਸੀਪਲ ਪ੍ਰੇਮ ਕੁਮਾਰ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ, ਦਿਨੇਸ਼ ਢੱਲ ਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

ਸੁਖਬੀਰ ਬਾਦਲ ਆਪਣੀ ਯਾਦਾਸ਼ਤ ਸੁਧਾਰਨ, ਬੇਅਦਬੀ ਦਾ ਕਾਲਾ ਇਤਿਹਾਸ ਤੁਹਾਡੈ : ਬਲਤੇਜ ਪੰਨੂ

ਚੰਡੀਗੜ੍ਹ, 20 ਮਾਰਚ (ਅੰਮ੍ਰਿਤਪਾਲ ਸਿੰਘ): ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸਟੇਟ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਹਾਲੀਆ ਬਿਆਨਾਂ 'ਤੇ ਤਿੱਖਾ ਪਲਟਵਾਰ ਕੀਤਾ ਹੈ। ਪੰਨੂ ਨੇ ਕਿਹਾ ਕਿ ਸੁਖਬੀਰ ਬਾਦਲ ਬੇਅਦਬੀ ਦੀਆਂ ਘਟਨਾਵਾਂ ਲਈ 'ਆਪ' ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਕੇ ਆਪਣੀ ਸਿਆਸੀ ਜ਼ਮੀਨ ਬਚਾਉਣ ਦੀ ਨਾਕਾਮ ਕੋਸ਼ਿਸ਼ ਕਰ ਰਹੇ ਹਨ, ਪਰ ਉਹ ਇਹ ਭੁੱਲ ਗਏ ਹਨ ਕਿ ਪੰਜਾਬ ਦੀ ਜਨਤਾ ਉਨ੍ਹਾਂ ਦੀ ਅਸਲੀਅਤ ਤੋਂ ਚੰਗੀ ਤਰ੍ਹਾਂ ਵਾਕਿਫ ਹੈ। ਬਲਤੇਜ ਪੰਨੂ ਨੇ ਸੁਖਬੀਰ ਬਾਦਲ ਦੀ ਯਾਦਾਸ਼ਤ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਸੁਖਬੀਰ ਬਾਦਲ ਕਹਿ ਰਹੇ ਹਨ ਕਿ 'ਆਪ' ਦੇ ਆਉਣ ਤੋਂ ਬਾਅਦ ਪੰਜਾਬ ਵਿੱਚ ਬੇਅਦਬੀ ਸ਼ੁਰੂ ਹੋਈ। ਸ਼ਾਇਦ ਉਹ ਭੁੱਲ ਗਏ ਹਨ ਕਿ 1986 ਵਿੱਚ ਜਦੋਂ ਨਕੋਦਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਅਤੇ ਇਨਸਾਫ਼ ਮੰਗ ਰਹੇ 4 ਨੌਜਵਾਨ ਸ਼ਹੀਦ ਹੋਏ, ਉਦੋਂ ਪੰਜਾਬ ਵਿੱਚ ਕਿਸ ਦੀ ਸਰਕਾਰ ਸੀ? ਕੀ ਉਦੋਂ ਆਮ ਆਦਮੀ ਪਾਰਟੀ ਪੰਜਾਬ ਵਿੱਚ ਸੀ? ਪੰਜਾਬ ਦੇ ਲੋਕ ਭੁੱਲੇ ਨਹੀਂ ਹਨ ਕਿ ਉਸ ਖ਼ੂਨੀ ਮੰਜ਼ਰ ਦੇ ਪਿੱਛੇ ਕਿਹੜੀਆਂ ਤਾਕਤਾਂ ਸਨ।

ਪੰਨੂ ਨੇ 2015 ਦੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਪੁੱਛਿਆ ਕਿ ਜੂਨ



2015 ਵਿੱਚ ਬੁਰਜ ਜਵਾਹਰ ਸਿੰਘ ਵਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਚੋਰੀ ਹੋਇਆ, ਉਦੋਂ ਸੱਤਾ ਵਿੱਚ ਕੌਣ ਸੀ? ਜੂਨ ਵਿੱਚ ਚੋਰੀ ਹੋਈ ਬੀੜ ਦੀ ਬੇਅਦਬੀ ਅਕਤੂਬਰ 2015 ਵਿੱਚ ਕੀਤੀ ਗਈ। ਇਸ ਪੂਰੇ ਦੌਰ ਵਿੱਚ ਪੰਜਾਬ ਦੀ ਸੱਤਾ 'ਤੇ ਬਾਦਲ ਪਰਿਵਾਰ ਦਾ ਕਬਜ਼ਾ ਸੀ। ਕੀ ਉਸ ਵੇਲੇ ਪੰਜਾਬ ਵਿੱਚ 'ਆਪ' ਦੀ ਸਰਕਾਰ ਸੀ? ਸੱਚ ਤਾਂ ਇਹ ਹੈ ਕਿ ਤੁਹਾਡੀ ਸਰਕਾਰ ਨੇ ਹੀ ਦੋਸ਼ੀਆਂ ਨੂੰ ਸਰਪ੍ਰਸਤੀ ਦਿੱਤੀ। ਪੰਨੂ ਨੇ ਅੱਗੇ ਕਿਹਾ ਕਿ ਕੋਟਕਪੂਰਾ ਦੇ ਬੱਤੀਆਂ ਵਾਲੇ ਚੌਕ 'ਤੇ ਸ਼ਾਂਤੀਪੂਰਨ ਰੋਸ ਪ੍ਰਦਰਸ਼ਨ ਕਰ ਰਹੀ ਸੰਗਤ 'ਤੇ ਪੁਲਿਸ ਨੇ ਬਰਬਰਤਾ ਕੀਤੀ ਅਤੇ ਬਹਿਬਲ ਕਲਾਂ ਵਿੱਚ ਗੋਲੀਬਾਰੀ ਦੌਰਾਨ ਦੋ ਨਿਰਦੋਸ਼ ਸਿੱਖ ਸ਼ਹੀਦ ਹੋਏ। ਜਸਟਿਸ ਰਣਜੀਤ ਸਿੰਘ ਕਮਿਸ਼ਨ ਅਤੇ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀਆਂ ਰਿਪੋਰਟਾਂ ਸਪੱਸ਼ਟ ਤੌਰ 'ਤੇ ਇਸ਼ਾਰਾ ਕਰਦੀਆਂ ਹਨ ਕਿ ਇਨ੍ਹਾਂ ਘਟਨਾਵਾਂ ਦੇ ਪਿੱਛੇ ਅਸਲੀ ਚਿਹਰੇ ਕੌਣ ਸਨ। ਉਨ੍ਹਾਂ ਦੇ ਨਾਲ ਸੁਮੇਧ ਸੈਣੀ, ਚਰਨਜੀਤ ਸ਼ਰਮਾ ਤੇ ਉਮਰਾਨੰਗਲ ਵਰਗੇ ਲੋਕ ਵੀ ਜ਼ਮਾਨਤ 'ਤੇ ਹਨ, ਜੋ ਇਨ੍ਹਾਂ ਦੇ ਸ਼ਾਸਨਕਾਲ ਦੇ ਕਾਲੇ ਕਾਰਨਾਮਿਆਂ ਦੀ ਗਵਾਹੀ ਦਿੰਦੇ ਹਨ।

ਬਲਤੇਜ ਪੰਨੂ ਨੇ ਕਿਹਾ ਕਿ 2007 ਤੋਂ 2017 ਤੱਕ ਦਾ ਅਕਾਲੀ ਦਲ ਦਾ ਸ਼ਾਸਨ ਪੰਜਾਬ ਦੇ ਇਤਿਹਾਸ ਦਾ ਕਾਲਾ ਅਧਿਆਇ ਹੈ। ਪੰਜਾਬ ਨੂੰ ਨਸ਼ੇ, ਭ੍ਰਿਸ਼ਟਾਚਾਰ ਅਤੇ ਬੇਅਦਬੀ ਦੇ ਕਾਲੇ ਦੌਰ ਵਿੱਚ ਧੱਕਣ ਦੇ ਪਿੱਛੇ ਕੋਈ ਹੋਰ ਨਹੀਂ, ਸਗੋਂ ਸੁਖਬੀਰ ਬਾਦਲ ਅਤੇ ਉਨ੍ਹਾਂ ਦੀ ਪਾਰਟੀ ਹੀ ਹੈ। ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਣ ਲਈ ਹੁਣ ਉਹ 'ਆਪ' 'ਤੇ ਬੇਬੁਨਿਆਦ ਦੋਸ਼ ਲਗਾ ਰਹੇ ਹਨ, ਪਰ ਪੰਜਾਬ ਦੀ ਜਨਤਾ ਉਨ੍ਹਾਂ ਨੂੰ ਕਦੇ ਮੁਆਫ਼ ਨਹੀਂ ਕਰੇਗੀ।

ਪੰਜਾਬ ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ 11 ਨਵੇਂ ਬੋਰਡ ਸਥਾਪਿਤ

ਚੰਡੀਗੜ੍ਹ, 20 ਮਾਰਚ (ਚ.ਨ.ਸ.): ਪੰਜਾਬ ਸਰਕਾਰ ਪੱਛੜੀਆਂ ਸ਼੍ਰੇਣੀਆਂ ਦੀ ਸਮਾਜਿਕ ਤੇ ਆਰਥਿਕ ਤਰੱਕੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਹ ਗੱਲ ਮਲਕੀਤ ਸਿੰਘ ਥਿੰਦ, ਚੇਅਰਮੈਨ, ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਨੇ ਪੰਜਾਬ ਭਵਨ ਵਿਖੇ ਪੱਛੜੀਆਂ ਸ਼੍ਰੇਣੀਆਂ ਲਈ ਨਵ ਗਠਿਤ 11 ਬੋਰਡਾਂ ਦੇ ਚੇਅਰਮੈਨ, ਵਾਈਸ ਚੇਅਰਮੈਨ ਤੇ ਮੈਂਬਰਾਂ ਨਾਲ ਮੀਟਿੰਗ ਦੌਰਾਨ ਕਹੀ। ਉਨ੍ਹਾਂ ਦੱਸਿਆ ਕਿ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੇ ਸਹਿਯੋਗ ਨਾਲ ਪਹਿਲਾਂ ਹੀ ਕਈ ਭਲਾਈ ਕਾਰਜ ਕੀਤੇ ਜਾ ਰਹੇ ਹਨ ਤੇ ਹੁਣ ਨਵੇਂ ਬੋਰਡਾਂ ਦੀ ਸਥਾਪਨਾ ਨਾਲ ਇਹ ਯਤਨ ਹੋਰ ਮਜ਼ਬੂਤ ਹੋਣਗੇ। ਮੀਟਿੰਗ ਦੌਰਾਨ ਬੈਕਫਿੰਕੋ ਦੇ ਅਧਿਕਾਰੀਆਂ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਸਵੈ-ਰੋਜ਼ਗਾਰ ਲਈ ਘੱਟ ਵਿਆਜ ਦਰਾਂ 'ਤੇ ਕਰਜ਼ੇ ਮੁਹੱਈਆ ਕਰਵਾਏ ਜਾਂਦੇ ਹਨ। ਇਸ ਤਹਿਤ ਕਰਿਆਨੇ ਦੀਆਂ ਦੁਕਾਨਾਂ, ਡੇਅਰੀ ਫਾਰਮਿੰਗ ਵਰਗੀਆਂ ਗਤੀਵਿਧੀਆਂ ਲਈ 18 ਤੋਂ 55 ਸਾਲ ਦੇ ਪੰਜਾਬ ਦੇ ਵਸਨੀਕ ਯੋਗ ਹਨ। ਇਸ ਤੋਂ ਇਲਾਵਾ N23643 ਦੀ ਸਹਾਇਤਾ ਨਾਲ ਵਿਦਿਆਰਥੀਆਂ ਨੂੰ ਐਜੂਕੇਸ਼ਨ ਲੋਨ ਵੀ ਦਿੱਤੇ ਜਾਂਦੇ ਹਨ। ਅਸ਼ੀਰਵਾਦ ਸਕੀਮ ਸਬੰਧੀ ਦੱਸਿਆ ਗਿਆ ਕਿ ਸਾਲ 2025-26 ਦੌਰਾਨ 89 ਕਰੋੜ ਰੁਪਏ ਜਾਰੀ ਕਰਕੇ 17,533 ਲਾਭਪਾਤਰੀਆਂ ਨੂੰ ਲਾਭ ਪਹੁੰਚਾਇਆ ਗਿਆ ਹੈ। ਇਸੇ ਤਰ੍ਹਾਂ ਪੋਸਟ ਮੈਟ੍

ਸੰਪਾਦਕੀ

ਭਿਅੰਕਰ ਹੁੰਦੇ ਹਾਲਾਤ

ਪੱਛਮੀ ਏਸ਼ੀਆ ਵਿੱਚ ਚੱਲ ਰਹੀ ਜੰਗ ਦੇ ਵਿਚਕਾਰ, ਅੰਤਰਰਾਸ਼ਟਰੀ ਚਿੰਤਾ ਵੱਧ ਰਹੀ ਹੈ ਕਿ ਜੇਕਰ ਸਥਿਤੀ ਹੋਰ ਵਿਗੜਦੀ ਹੈ, ਤਾਂ ਆਉਣ ਵਾਲੇ ਦਿਨਾਂ ਵਿੱਚ ਸੰਕਟ ਹੋਰ ਵੀ ਵਿਆਪਕ ਅਤੇ ਗੰਭੀਰ ਹੋ ਸਕਦਾ ਹੈ। ਇਹ ਤੱਥ ਕਿ ਈਰਾਨ 'ਤੇ ਇਜ਼ਰਾਈਲੀ-ਅਮਰੀਕੀ ਸਾਂਝੇ ਹਮਲੇ ਤੋਂ ਬਾਅਦ ਹੁਣ ਜੰਗ ਵੱਧ ਗਈ ਹੈ, ਸ਼ਾਂਤੀ ਦੀ ਉਮੀਦ ਨੂੰ ਮੱਧਮ ਪਾਉਂਦੀ ਹੈ। ਹਮਲਿਆਂ ਦੌਰਾਨ ਸਕੂਲੀ ਬੱਚਿਆਂ ਅਤੇ ਨਾਗਰਿਕਾਂ ਦੀ ਅਣਦੇਖੀ ਨੇ ਪਹਿਲਾਂ ਹੀ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਬਾਰੇ ਸਵਾਲ ਖੜ੍ਹੇ ਕਰ ਦਿੱਤੇ ਹਨ। ਮੌਜੂਦਾ ਸਥਿਤੀ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਹਮਲੇ ਹੁਣ ਦੋਵਾਂ ਪਾਸਿਆਂ ਦੇ ਤੇਲ ਅਤੇ ਗੈਸ ਸਹੂਲਤਾਂ ਨੂੰ ਨਿਸ਼ਾਨਾ ਬਣਾ ਰਹੇ ਹਨ, ਜਿਸਦੇ ਗੰਭੀਰ ਵਿਸ਼ਵਵਿਆਪੀ ਪ੍ਰਭਾਵ ਪੈਣਗੇ। ਕਈ ਖਾੜੀ ਦੇਸ਼ਾਂ ਵਿੱਚ ਸਥਿਤੀ ਤੇਜ਼ੀ ਨਾਲ ਗੁੰਝਲਦਾਰ ਹੁੰਦੀ ਜਾ ਰਹੀ ਹੈ, ਖਾਸ ਕਰਕੇ ਜਿਵੇਂ ਜਿਵੇਂ ਯੁੱਧ ਅੱਗੇ ਵੱਧ ਰਿਹਾ ਹੈ। ਇਹ ਧਿਆਨ ਦੇਣ ਯੋਗ ਹੈ ਕਿ ਇਜ਼ਰਾਈਲ ਨੇ ਬੁੱਧਵਾਰ ਨੂੰ ਈਰਾਨ ਵਿੱਚ ਦੁਨੀਆ ਦੀ ਸਭ ਤੋਂ ਵੱਡੀ ਕੁਦਰਤੀ ਗੈਸ ਸਹੂਲਤ 'ਤੇ ਹਮਲਾ ਕੀਤਾ ਸੀ। ਜਵਾਬ ਵਿੱਚ, ਈਰਾਨ ਨੇ ਵੀਰਵਾਰ ਨੂੰ ਕਤਰ ਵਿੱਚ ਰਾਸ ਲਾਫਾਨ ਸਹੂਲਤ ਨੂੰ ਨਿਸ਼ਾਨਾ ਬਣਾਇਆ, ਜੋ ਕਿ ਉੱਥੇ ਮੁੱਖ ਤਰਲ ਕੁਦਰਤੀ ਗੈਸ ਉਤਪਾਦਨ ਕੇਂਦਰ ਹੈ। ਈਰਾਨ ਅਤੇ ਅਮਰੀਕਾ-ਇਜ਼ਰਾਈਲ ਵਿਚਕਾਰ ਜੰਗ ਨੇ ਪਹਿਲਾਂ ਹੀ ਵੱਖ-ਵੱਖ ਪੱਧਰਾਂ 'ਤੇ ਕੱਚੇ ਤੇਲ ਦੀ ਸਪਲਾਈ ਵਿੱਚ ਵਿਘਨ ਪਾਇਆ ਹੈ ਅਤੇ ਇਹ ਕੁਦਰਤੀ ਤੌਰ 'ਤੇ ਕੀਮਤਾਂ ਨੂੰ ਪ੍ਰਭਾਵਤ ਕਰ ਰਿਹਾ ਹੈ। ਪਿਛਲੇ ਕੁਝ ਦਿਨਾਂ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ, ਇੱਕ ਕਮਜ਼ੋਰ ਵਿਸ਼ਵਵਿਆਪੀ ਰੁਝਾਨ ਦੇ ਨਾਲ, ਵੀਰਵਾਰ ਨੂੰ ਸਟਾਕ ਮਾਰਕੀਟ ਵਿੱਚ ਤੇਜ਼ੀ ਨਾਲ ਗਿਰਾਵਟ ਦਾ ਕਾਰਨ ਬਣਿਆ। ਬੀਐਸਈ ਸੂਚਕਾਂਕ ਲਗਭਗ 2,500 ਅੰਕ ਡਿੱਗ ਗਿਆ, ਜਦੋਂ ਕਿ ਐਨਐਸਈ ਨਿਫਟੀ 775 ਅੰਕ ਡਿੱਗ ਗਿਆ। ਜੂਨ 2024 ਤੋਂ ਬਾਅਦ ਇਹ ਸੂਚਕਾਂਕ ਵਿੱਚ ਇੱਕ ਦਿਨ ਦੀ ਸਭ ਤੋਂ ਵੱਡੀ ਗਿਰਾਵਟ ਦੱਸੀ ਜਾ ਰਹੀ ਹੈ। ਅਜਿਹੀ ਸਥਿਤੀ ਅਕਸਰ ਹੋਰ ਕਾਰਕਾਂ ਨਾਲ ਜੁੜੀ ਹੁੰਦੀ ਹੈ, ਪਰ ਇਸ ਵਾਰ ਵਿਸ਼ਵਵਿਆਪੀ ਤਸਵੀਰ ਸਪੱਸ਼ਟ ਹੈ। ਪੱਛਮੀ ਏਸ਼ੀਆ ਵਿੱਚ ਚੱਲ ਰਹੇ ਯੁੱਧ ਦੇ ਵਿਚਕਾਰ, ਊਰਜਾ ਬੁਨਿਆਦੀ ਢਾਂਚੇ ਅਤੇ ਤੇਲ ਅਤੇ ਗੈਸ ਪਲਾਂਟਾਂ 'ਤੇ ਹਮਲਿਆਂ ਵਿੱਚ ਵਾਧੇ ਨੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ। ਇਸ ਨਾਲ ਕੁਦਰਤੀ ਤੌਰ 'ਤੇ ਨਿਵੇਸ਼ਕਾਂ ਦੀ ਭਾਵਨਾ ਪ੍ਰਭਾਵਿਤ ਹੋਈ ਹੈ, ਜਿਸ ਨਾਲ ਮੌਜੂਦਾ ਉਥਲ-ਪੁਥਲ ਬਾਰੇ ਅਸੁਰੱਖਿਆ ਦੀ ਭਾਵਨਾ ਪੈਦਾ ਹੋਈ ਹੈ। ਦਰਅਸਲ, ਜਦੋਂ ਤੋਂ ਈਰਾਨ ਨੇ ਹੋਰਮੁਜ਼ ਜਲਡਮਰੂ ਨੂੰ ਰੋਕਿਆ ਹੈ, ਵਿਸ਼ਵਵਿਆਪੀ ਤੇਲ ਅਤੇ ਗੈਸ ਸਪਲਾਈ ਵਿੱਚ ਵਿਘਨ ਪਿਆ ਹੈ। ਭਾਰਤ ਵਰਗੇ ਬਹੁਤ ਸਾਰੇ ਦੇਸ਼ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ ਅਤੇ ਤੇਲ ਅਤੇ ਗੈਸ ਦੇ ਵਿਕਲਪਕ ਸਰੋਤਾਂ ਦੀ ਭਾਲ ਕਰ ਰਹੇ ਹਨ। ਇਸ ਸਬੰਧ ਵਿੱਚ ਭਾਰਤ ਨੇ ਰੂਸ ਤੋਂ ਆਪਣੀ ਤੇਲ ਖਰੀਦ ਵਧਾ ਦਿੱਤੀ ਹੈ। ਹਾਲਾਂਕਿ, ਪੱਛਮੀ ਏਸ਼ੀਆਈ ਟਕਰਾਅ ਦੇ ਦੋਵਾਂ ਪਾਸਿਆਂ ਦੁਆਰਾ ਕੁਦਰਤੀ ਗੈਸ ਉਤਪਾਦਨ ਸਹੂਲਤਾਂ ਅਤੇ ਊਰਜਾ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਨਾਲ ਸੰਕਟ ਹੋਰ ਡੂੰਘਾ ਹੋਣ ਦਾ ਖ਼ਤਰਾ ਹੈ। ਜਿਵੇਂ-ਜਿਵੇਂ ਹਮਲਿਆਂ ਦੀ ਪ੍ਰਕਿਰਤੀ ਹੋਰ ਗੁੰਝਲਦਾਰ ਹੁੰਦੀ ਜਾਂਦੀ ਹੈ, ਤੇਲ ਅਤੇ ਗੈਸ ਦੀਆਂ ਕੀਮਤਾਂ ਤੇਜ਼ੀ ਨਾਲ ਵੱਧ ਰਹੀਆਂ ਹਨ। ਖਾਸ ਕਰਕੇ ਕਤਰ ਦੇ ਰਾਸ ਲਾਫਾਨ 'ਤੇ ਹਮਲੇ ਤੋਂ ਬਾਅਦ ਭਾਰਤ ਦੀ ਕੁਦਰਤੀ ਗੈਸ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ। ਸਪੱਸ਼ਟ ਤੌਰ 'ਤੇ ਭਾਰਤ ਨੂੰ ਹੁਣ ਆਪਣੀਆਂ ਕੁਦਰਤੀ ਗੈਸ ਦੀਆਂ ਜ਼ਰੂਰਤਾਂ ਲਈ ਆਸਟਰੇਲੀਆ ਅਤੇ ਰੂਸ ਵਰਗੇ ਦੂਜੇ ਦੇਸ਼ਾਂ ਵੱਲ ਦੇਖਣਾ ਪੈ ਸਕਦਾ ਹੈ। ਪਰ ਸਭ ਤੋਂ ਮਹੱਤਵਪੂਰਨ, ਕੁਦਰਤੀ ਗੈਸ ਲਈ ਰਣਨੀਤਕ ਸਟੋਰੇਜ ਵਿਕਲਪਾਂ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਈਰਾਨ ਅਤੇ ਅਮਰੀਕਾ ਅਤੇ ਇਜ਼ਰਾਈਲ ਵਿਚਕਾਰ ਸ਼ੁਰੂ ਹੋਈ ਜੰਗ ਇੱਕ ਵਿਸ਼ਵਵਿਆਪੀ ਖਤਰੇ ਦੀ ਘੰਟੀ ਹੈ। ਇਸਦੀ ਗੰਭੀਰਤਾ ਦਾ ਅੰਦਾਜ਼ਾ ਮਿਜ਼ਾਈਲਾਂ ਅਤੇ ਘਾਤਕ ਬੰਬਾਂ ਦੀ ਵਰਤੋਂ ਤੋਂ ਲਗਾਇਆ ਜਾ ਸਕਦਾ ਹੈ। ਬੇਰਹਿਮੀ ਇੰਨੀ ਗੰਭੀਰ ਹੈ ਕਿ ਯੁੱਧ ਦੇ ਨਿਯਮਾਂ ਦੀ ਅਣਦੇਖੀ ਕਰਦੇ ਹੋਏ ਨਾਗਰਿਕ ਖੇਤਰਾਂ 'ਤੇ ਵੀ ਬੰਬਾਰੀ ਕੀਤੀ ਜਾ ਰਹੀ ਹੈ। ਸਕੂਲਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਈਰਾਨ ਵਿੱਚ, ਇੱਕ ਕੁੜੀਆਂ ਦੇ ਸਕੂਲ 'ਤੇ ਬੰਬਾਰੀ ਕੀਤੀ ਗਈ, ਜਿਸ ਵਿੱਚ ਕਈ ਵਿਦਿਆਰਥੀ ਮਾਰੇ ਗਏ।

-ਜਗਜੀਤ ਸਿੰਘ ਦਰਦੀ

ਪੰਜਾਬ 2027 ਦੀ ਰਾਜਨੀਤੀ

ਮੁਫ਼ਤ ਦੀਆਂ ਸਹੂਲਤਾਂ ਵਿੱਚ ਮਿਹਨਤਕਸ਼ ਤੇ ਅਣਖੀਲਾ ਪੰਜਾਬ ਹੋਇਆ ਕੰਗਾਲ

ਵੋਟਾਂ ਦੀ ਸ਼ਤਰੰਜ, ਮੁਫ਼ਤਖੋਰੀ ਦਾ ਮਨੋਵਿਗਿਆਨ ਅਤੇ ਭਵਿੱਖ ਦਾ ਸਵਾਲ

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

2027 ਵਿੱਚ ਕੀ ਬਦਲੇਗਾ?

ਅੱਜ ਚੋਣਾਂ ਦੀ ਰਾਜਨੀਤੀ ਸਾਹਮਣੇ ਹੈ ਅਤੇ ਮੁਫ਼ਤ ਦੀਆਂ ਰਿਊੜੀਆਂ ਵਿੱਚ ਮਾਨਸਿਕ ਤੌਰ 'ਤੇ ਕੰਗਾਲ ਪੰਜਾਬ ਦਾ ਵੋਟਰ ਕੀ ਸੋਚ ਰਿਹਾ ਹੈ। ਕਿਸੇ ਨਵੇਂ ਏਜੰਡੇ ਦੀ ਜ਼ਰੂਰਤ ਹੈ ਜਾਂ ਫ਼ਿਰ ਇਹ ਸਭ ਕੁਝ ਇਵੇਂ ਹੀ ਚੱਲਦਾ ਰਹੇਗਾ।

ਅੱਜ ਪੰਜਾਬ ਦੀ ਰਾਜਨੀਤੀ ਅੱਜ ਇੱਕ ਅਜਿਹੇ ਮੋੜ 'ਤੇ ਖੜ੍ਹੀ ਹੈ, ਜਿੱਥੇ ਚੋਣਾਂ ਸਿਰਫ਼ ਨੀਤੀਆਂ ਜਾਂ ਵਿਚਾਰਧਾਰਾ ਦੀ ਲੜਾਈ ਨਹੀਂ ਰਹੀਆਂ, ਸਗੋਂ ਇੱਕ ਮਨੋਵਿਗਿਆਨਕ ਖੇਡ ਬਣ ਗਈਆਂ ਹਨ—ਵੋਟਾਂ ਦੀ ਸ਼ਤਰੰਜ। 2027 ਦੀਆਂ ਚੋਣਾਂ ਨੇੜੇ ਆ ਰਹੀਆਂ ਹਨ, ਅਤੇ ਇੱਕ ਵੱਡਾ ਸਵਾਲ ਪੰਜਾਬ ਦੇ ਆਗੂ ਖੜ੍ਹਾ ਹੈ: ਕੀ ਇਸ ਵਾਰ ਕੁਝ ਬਦਲੇਗਾ, ਜਾਂ ਫਿਰ ਮੁਫ਼ਤ ਦੀ ਰਾਜਨੀਤੀ ਪੰਜਾਬ ਦੇ ਭਵਿੱਖ ਨੂੰ ਹੋਰ ਵੀ ਗਹਿਰੇ ਸੰਕਟ ਵਿੱਚ ਧੱਕ ਦੇਵੇਗੀ?

ਅੱਜ ਮੁਫ਼ਤਖੋਰੀ ਦੀ ਰਾਜਨੀਤੀ ਦਾ ਇੱਕ ਲੰਮਾ ਇਤਿਹਾਸ ਹੈ।

ਅੱਜ ਪੰਜਾਬ ਵਿੱਚ ਮੁਫ਼ਤ ਸਹੂਲਤਾਂ ਦਾ ਰੁਝਾਨ ਨਵਾਂ ਨਹੀਂ। 2000 ਦੇ ਦਹਾਕੇ ਤੋਂ ਹੀ ਖੇਤੀਬਾੜੀ ਲਈ ਮੁਫ਼ਤ ਬਿਜਲੀ ਇੱਕ ਵੱਡਾ ਚੋਣਾਵੀ ਹਥਿਆਰ ਬਣੀ। ਇਸ ਤੋਂ ਬਾਅਦ ਇਹ ਰੁਝਾਨ ਸ਼ਹਿਰੀ ਵੋਟਰਾਂ ਤੱਕ ਫੈਲਿਆ—ਘਰੇਲੂ ਬਿਜਲੀ ਮੁਫ਼ਤ, ਪਾਣੀ ਮੁਫ਼ਤ, ਫਿਰ ਆਟਾ-ਦਾਲ ਸਕੀਮਾਂ, ਅਤੇ ਹੁਣ ਤੇਲ, ਨਮਕ ਵਰਗੀਆਂ ਆਧਾਰਭੂਤ ਚੀਜ਼ਾਂ ਵੀ ਰਾਜਨੀਤਿਕ ਵਾਅਦਿਆਂ ਦਾ ਹਿੱਸਾ ਬਣ ਰਹੀਆਂ ਹਨ। ਅੱਜ ਇਸ ਸਮੇਂ ਲੱਗਭੱਗ ਹਰ ਵੱਡੀ ਪਾਰਟੀ—ਚਾਹੇ ਉਹ ਸੱਤਾ ਵਿੱਚ ਹੋਵੇ ਜਾਂ ਵਿਰੋਧ ਵਿੱਚ—ਇਹੀ ਦਾਅਵਾ ਕਰ ਰਹੀ ਹੈ ਕਿ ਉਹ ਲੋਕਾਂ ਨੂੰ ਹੋਰ ਵੱਧ ਮੁਫ਼ਤ ਸਹੂਲਤਾਂ ਦੇਵੇਗੀ। ਇਸ ਨਾਲ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਦੀ ਰਾਜਨੀਤੀ ਵਿਚਾਰਧਾਰਾ ਤੋਂ ਹਟ ਕੇ ਵੈਲਫੇਅਰ ਪੌਪੁਲਿਜ਼ਮ ਦੀ ਦਿਸ਼ਾ ਵਿੱਚ ਜਾ ਰਹੀ ਹੈ। ਅੱਜ ਅੰਕੜਿਆਂ ਦੀ ਭਾਸ਼ਾ ਵਿੱਚ ਪੰਜਾਬ ਦੀ ਅਰਥਵਿਵਸਥਾ 'ਤੇ ਬੋਝ ਵਿੱਚ ਪੰਜਾਬ ਦਾ ਕੁੱਲ ਕਰਜ਼ਾ ਲੱਗਭੱਗ 3.5 ਤੋਂ 4 ਲੱਖ ਕਰੋੜ ਦੇ ਵਿਚਕਾਰ ਪਹੁੰਚ ਚੁੱਕਾ ਹੈ। ਅੱਜ ਰਾਜ ਦੀ ਆਮਦਨੀ ਦਾ ਵੱਡਾ ਹਿੱਸਾ ਕਰਜ਼ੇ ਦੀ ਵਾਪਸੀ ਅਤੇ ਬਿਆਜ ਵਿੱਚ ਹੀ ਲੱਗ ਜਾਂਦਾ ਹੈ।

ਅੱਜ ਬਿਜਲੀ ਸਬਸਿਡੀ 'ਤੇ ਹੀ ਹਰ ਸਾਲ 15,000-20,000 ਕਰੋੜ ਤੱਕ ਖਰਚ ਹੁੰਦਾ ਹੈ। ਸਮਾਜਿਕ ਸਹੂਲਤਾਂ ਅਤੇ ਸਕੀਮਾਂ ਦਾ ਖਰਚ ਲਗਾਤਾਰ ਵੱਧ ਰਿਹਾ ਹੈ, ਜਦਕਿ ਨਿਵੇਸ਼ ਅਤੇ ਉਦਯੋਗਿਕ ਵਿਕਾਸ ਦੀ ਗਤੀ ਹੌਲੀ ਹੈ। ਇਹ ਅੰਕੜੇ ਇੱਕ ਖ਼ਤਰਨਾਕ ਸੰਕੇਤ ਦਿੰਦੇ ਹਨ—ਪੰਜਾਬ 'ਰੈਵਨਿਊ ਜਨਰੇਟ ਕਰਨ ਵਾਲੀ ਅਰਥਵਿਵਸਥਾ' ਤੋਂ 'ਖਰਚ-ਕੇਂਦਰਿਤ ਰਾਜਨੀਤੀ ਵੱਲ ਵੱਧ ਰਿਹਾ ਹੈ।

ਅੱਜ ਮੁਫ਼ਤਖੋਰੀ ਦਾ ਮਨੋਵਿਗਿਆਨ ਵਿਸ਼ਲੇਸ਼ਣ ਇਹ ਸਿਰਫ਼ ਆਰਥਿਕ ਮਸਲਾ ਨਹੀਂ, ਸਗੋਂ ਇੱਕ ਡੂੰਘਾ ਮਨੋਵਿਗਿਆਨਕ ਪ੍ਰਕਿਰਿਆ ਹੈ। ਅਸੁਰੱਖਿਆ ਅਤੇ ਨਿਰਭਰਤਾ ਅਤੇ ਜਦੋਂ ਲੋਕ ਬੇਰੁਜ਼ਗਾਰੀ, ਕਰਜ਼ੇ ਅਤੇ ਅਨਿਸ਼ਚਿਤਤਾ ਵਿੱਚ ਜੀ ਰਹੇ ਹੁੰਦੇ ਹਨ, ਉਹ ਛੋਟੇ-ਛੋਟੇ ਤੁਰੰਤ ਲਾਭਾਂ ਵੱਲ ਖਿੱਚੇ ਜਾਂਦੇ ਹਨ।

ਰਾਜ 'ਤੇ ਨਿਰਭਰਤਾ ਦਾ ਵਾਧਾ ਮੁਫ਼ਤ ਸਹੂਲਤਾਂ ਲੋਕਾਂ ਵਿੱਚ ਇਹ ਸੋਚ ਪੈਦਾ ਕਰਦੀਆਂ ਹਨ ਕਿ ਸਰਕਾਰ ਉਨ੍ਹਾਂ ਦੀ ਜ਼ਿੰਦਗੀ ਦਾ ਮੁੱਖ ਸਹਾਰਾ ਹੈ। ਹੁਣ ਲੰਬੇ ਸਮੇਂ ਦੇ ਸੋਚ ਦੀ ਘਾਟ ਤੁਰੰਤ ਲਾਭ ਦੇ ਮੁਕਾਬਲੇ ਲੋਕ ਭਵਿੱਖ ਦੇ ਸੰਕਟਾਂ ਨੂੰ ਅਣਦੇਖਾ ਕਰਦੇ ਹਨ। ਅੱਜ ਵੋਟਾਂ ਦੀ ਮਨੋਵਿਗਿਆਨਕ ਖਰੀਦ ਲਈ ਰਾਜਨੀਤਿਕ ਪਾਰਟੀਆਂ ਜਾਣਦੀਆਂ ਹਨ ਕਿ ਛੋਟੇ ਆਰਥਿਕ ਲਾਭ ਵੋਟਰਾਂ ਦੇ ਫੈਸਲੇ 'ਤੇ ਵੱਡਾ ਪ੍ਰਭਾਵ ਪਾਉਂਦੇ ਹਨ। ਅੱਜ ਵੰਡਿਆ ਹੋਇਆ ਪੰਜਾਬ ਦੋ ਵੱਖਰੀਆਂ ਦੁਨੀਆਂ ਵਿੱਚ ਹੈ। ਅੱਜ ਪੰਜਾਬ ਦੋ ਵੱਖਰੇ ਹਿੱਸਿਆਂ ਵਿੱਚ ਵੰਡਿਆ ਦਿਖਾਈ ਦਿੰਦਾ ਹੈ:

ਸੰਪੰਨ ਵਰਗ ਅਤੇ ਵੱਡੇ ਕਿਸਾਨ ਸ਼ਹਿਰੀ ਅਮੀਰ ਵਰਗ ਨੌਕਰੀਪੇਸ਼ਾ ਅਤੇ ਵਪਾਰੀ ਹਨ। ਇਸ ਵਰਗ ਨੂੰ ਮੁਫ਼ਤ ਸਹੂਲਤਾਂ ਦੀ ਲੋੜ ਘੱਟ ਹੈ, ਪਰ ਇਹ ਵੀ ਸਬਸਿਡੀ ਦਾ ਲਾਭ ਲੈਂਦਾ ਹੈ।

ਸੰਘਰਸ਼ ਕਰਦਾ ਪੰਜਾਬ ਅਤੇ ਛੋਟੇ ਅਤੇ ਮੱਧਮ ਕਿਸਾਨ ਬੇਰੁਜ਼ਗਾਰ ਨੌਜਵਾਨ, ਮਜ਼ਦੂਰ ਵਰਗ ਕਰਜ਼ੇ ਵਿੱਚ ਡੁੱਬੇ ਘਰ ਹਨ। ਇਹ ਵਰਗ ਅਸਲ ਵਿੱਚ ਮੁਫ਼ਤ ਸਹੂਲਤਾਂ 'ਤੇ ਨਿਰਭਰ ਹੋ ਗਿਆ ਹੈ।

ਅੱਜ ਪੰਜਾਬ ਦੇ ਅਸਲ ਮੁੱਦੇ ਜੋ ਪਿੱਛੇ ਛੱਡ ਦਿੱਤੇ ਗਏ ਹਨ। ਅੱਜ ਮੁਫ਼ਤਖੋਰੀ ਦੀ ਰਾਜਨੀਤੀ ਨੇ ਕੁਝ ਅਹਿਮ ਮੁੱਦਿਆਂ ਨੂੰ ਪਿੱਛੇ ਧੱਕ ਦਿੱਤਾ ਹੈ। ਬੇਰੁਜ਼ਗਾਰੀ ਪੰਜਾਬ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ ਕਾਫ਼ੀ ਉੱਚੀ ਹੈ। ਇਸ ਕਰਕੇ ਹਰ ਸਾਲ ਲੱਖਾਂ ਨੌਜਵਾਨ ਵਿਦੇਸ਼ਾਂ ਵੱਲ ਰੁਖ ਕਰਦੇ ਹਨ। ਪ੍ਰਵਾਸ (Migration) ਕੈਨੇਡਾ-ਆਸਟ੍ਰੇਲੀਆ ਦਾ ਸੁਪਨਾ ਹੁਣ ਇੱਕ ਸਮਾਜਕ ਹਕੀਕਤ ਬਣ ਗਿਆ ਹੈ। ਅੱਜ ਹਰ ਘਰ ਦਾ ਇੱਕ ਮੈਂਬਰ ਬਾਹਰ ਜਾਣ ਦੀ ਕੋਸ਼ਿਸ਼ ਕਰ ਰਿਹਾ ਹੈ।

ਅੱਜ ਕਿਸਾਨੀ ਸੰਕਟ ਖਰਚ ਵੱਧ ਰਿਹਾ ਹੈ। ਆਮਦਨ ਘੱਟ ਰਹੀ ਹੈ। ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ। ਨਸ਼ਾ ਅਤੇ ਸਮਾਜਕ ਟੁੱਟਣ ਨਾਲ ਨਸ਼ੇ ਦੀ ਸਮੱਸਿਆ ਅਜੇ ਵੀ ਇੱਕ ਵੱਡਾ ਚੁਣੌਤੀਪੂਰਨ ਮਸਲਾ ਹੈ। ਅੱਜ ਧਾਰਮਿਕ ਅਤੇ ਪਛਾਣ ਦੀ ਰਾਜਨੀਤੀ ਬੇਅਦਬੀ ਅਤੇ ਧਾਰਮਿਕ ਮਸਲੇ ਅਕਸਰ ਚੋਣਾਂ ਵਿੱਚ ਵਰਤੇ ਜਾਂਦੇ ਹਨ, ਜਿਸ ਨਾਲ ਅਸਲ ਵਿਕਾਸੀ ਮੁੱਦੇ ਹਟ ਜਾਂਦੇ ਹਨ।

ਅੱਜ ਲੋਕਤੰਤਰ 'ਤੇ ਪ੍ਰਭਾਵ ਜਦੋਂ ਵੋਟਾਂ ਨੂੰ ਮੁਫ਼ਤ ਸਹੂਲਤਾਂ ਨਾਲ ਜੋੜਿਆ ਜਾਂਦਾ ਹੈ, ਤਾਂ ਲੋਕਤੰਤਰ ਦੀ ਆਤਮਾ ਕਮਜ਼ੋਰ ਹੋ ਜਾਂਦੀ ਹੈ: ਵੋਟਰ ਨਾਗਰਿਕ ਤੋਂ ਲਾਭਪਾਤਰੀ ਬਣ ਜਾਂਦਾ ਹੈ। ਨੀਤੀਆਂ ਦੀ ਚਰਚਾ ਘੱਟ ਹੋ ਜਾਂਦੀ ਹੈ। ਜਵਾਬਦੇਹੀ ਘਟਦੀ ਹੈ। ਇਹ ਇੱਕ ਖ਼ਤਰਨਾਕ ਰੁਝਾਨ ਹੈ, ਕਿਉਂਕਿ ਇਹ ਲੋਕਤੰਤਰ ਨੂੰ ਲੰਬੇ ਸਮੇਂ ਵਿੱਚ ਖੋਖਲਾ ਕਰ ਸਕਦਾ ਹੈ।

ਕੀ ਇਹ ਬੌਧਿਕ ਕੰਗਾਲੀ ਹੈ? ਇਹ ਸਵਾਲ ਬਹੁਤ ਮਹੱਤਵਪੂਰਨ ਹੈ—ਕੀ ਪੰਜਾਬ ਦੀ ਰਾਜਨੀਤੀ ਵਿਚਾਰਧਾਰਾ ਦੀ ਕਮੀ ਨਾਲ ਜੂਝ ਰਹੀ ਹੈ? ਅੱਜ ਕੋਈ ਵੀ ਪਾਰਟੀ ਸਪੱਸ਼ਟ ਤੌਰ 'ਤੇ ਇਹ ਨਹੀਂ ਕਹਿ ਰਹੀ ਕਿ ਉਹ ਨਵੀਂ ਉਦਯੋਗਿਕ ਨੀਤੀ ਲਿਆਵੇਗੀ। ਸਿੱਖਿਆ ਵਿੱਚ ਕ੍ਰਾਂਤੀ ਲਿਆਵੇਗੀ। ਖੇਤੀਬਾੜੀ ਨੂੰ ਡਾਈਵਰਸੀਫਾਈ ਕਰੇਗੀ ਅੱਜ ਇਸ ਦੀ ਬਜਾਏ, ਸਾਰੇ ਧਿਆਨ ਦਾ ਕੇਂਦਰ ਹੈ—ਲੋਕਾਂ ਨੂੰ ਕੀ ਮੁਫ਼ਤ ਮਿਲੇਗਾ?

ਅੱਜ ਇਹ ਬੌਧਿਕ ਕੰਗਾਲੀ ਦੀ ਨਿਸ਼ਾਨੀ ਹੈ, ਜਿੱਥੇ ਲੰਬੇ ਸਮੇਂ ਦੇ ਹੱਲਾਂ ਦੀ ਥਾਂ ਛੋਟੇ-ਸਮੇਂ ਦੇ ਲਾਭਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

2027: ਕੀ ਬਦਲ ਸਕਦਾ ਹੈ? 2027 ਦੀਆਂ ਚੋਣਾਂ ਵਿੱਚ ਕੁਝ ਸੰਭਾਵਨਾਵਾਂ ਹਨ: ਸਥਿਤੀ ਜਿਵੇਂ ਦੀ ਤਿਵੇਂ ਮੁਫ਼ਤਖੋਰੀ ਜਾਰੀ ਰਹੇਗੀ, ਅਤੇ ਕਰਜ਼ਾ ਹੋਰ ਵਧੇਗਾ।

ਕੀ ਨਵਾਂ ਨੈਰੇਟਿਵ ਜੇਕਰ ਕੋਈ ਪਾਰਟੀ ਵਿਕਾਸ, ਰੁਜ਼ਗਾਰ ਅਤੇ ਸਿੱਖਿਆ ਨੂੰ ਕੇਂਦਰ ਵਿੱਚ ਲਿਆਉਂਦੀ ਹੈ, ਤਾਂ ਬਦਲਾਅ ਸੰਭਵ ਹੈ। ਵੋਟਰਾਂ ਦੀ ਸੋਚ ਵਿੱਚ ਬਦਲਾਅ ਸਭ ਤੋਂ ਵੱਡਾ ਫੈਕਟਰ ਇਹ ਹੋਵੇਗਾ ਕਿ ਕੀ ਵੋਟਰ ਮੁਫ਼ਤ ਸਹੂਲਤਾਂ ਤੋਂ ਉੱਪਰ ਉੱਠ ਕੇ ਲੰਬੇ ਸਮੇਂ ਦੇ ਫਾਇਦੇ ਸੋਚਦੇ ਹਨ ਜਾਂ ਨਹੀਂ। ਅੱਜ ਅੱਗੇ ਦਾ ਰਸਤਾ ਟਾਰਗੇਟਡ ਸਬਸਿਡੀ ਮੁਫ਼ਤ ਸਹੂਲਤਾਂ ਸਿਰਫ਼ ਉਹਨਾਂ ਨੂੰ ਮਿਲਣੀਆਂ ਚਾਹੀਦੀਆਂ ਹਨ ਜਿਨ੍ਹਾਂ ਨੂੰ ਸੱਚਮੁੱਚ ਲੋੜ ਹੈ। ਰੁਜ਼ਗਾਰ ਸਿਰਜਣਾ। ਨਵੇਂ ਉਦਯੋਗ। ਸਟਾਰਟਅਪਸ ਸਕਿਲ ਡਿਵੈਲਪਮੈਂਟ। ਸਿੱਖਿਆ ਅਤੇ ਸਿਹਤ ਵਿੱਚ ਨਿਵੇਸ਼ ਇਹ ਲੰਬੇ ਸਮੇਂ ਦੇ ਵਿਕਾਸ ਦਾ ਆਧਾਰ ਹਨ। ਖੇਤੀਬਾੜੀ ਵਿੱਚ ਸੁਧਾਰ ਤੇ ਫਸਲਾਂ ਦੀ ਵੱਖਰਤਾ ਨਵੀਂ ਤਕਨਾਲੋਜੀ ਮਾਰਕੀਟ ਐਕਸੈਸ ਪ੍ਰਵਾਸ ਨੂੰ ਰੋਕਣਾ ਤੇ ਰਾਜ ਵਿੱਚ ਹੀ ਮੌਕੇ ਪੈਦਾ ਕਰਨੇ ਪੈਣਗੇ।

ਅੱਜ ਪੰਜਾਬ ਦਾ ਭਵਿੱਖ ਕਿਸ ਦੇ ਹੱਥ? ਪੰਜਾਬ ਦਾ ਭਵ

ਜਲ ਦਾ ਉਤਸਵ, ਜਨਤਕ ਭਾਗੀਦਾਰੀ ਦਾ ਸੰਕਲਪ

ਸੀ ਆਰ ਪਾਟਿਲ

ਹਰੇਕ ਵਰ੍ਹੇ 22 ਮਾਰਚ ਨੂੰ ਮਨਾਏ ਜਾਣ ਵਾਲੇ ਵਿਸ਼ਵ ਜਲ ਦਿਵਸ ਦੇ ਮੌਕੇ 'ਤੇ ਮੈਂ ਸਾਰੇ ਨਾਗਰਿਕਾਂ ਨੂੰ ਹਾਰਦਿਕ ਸ਼ੁਭਕਾਮਨਾਵਾਂ ਦਿੰਦਾ ਹਾਂ। ਇਹ ਦਿਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਪਾਣੀ ਸਿਰਫ਼ ਇੱਕ ਸਰੋਤ ਨਹੀਂ, ਸਗੋਂ ਜੀਵਨ ਦੀ ਨੀਂਹ ਹੈ-ਅਤੇ ਇਸ ਦੀ ਸੰਭਾਲ ਸਾਡੇ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਪਾਣੀ ਸਾਡੇ ਜੀਵਨ, ਈਕੋਸਿਸਟਮ ਅਤੇ ਅਰਥਵਿਵਸਥਾ ਦੀ ਧੁਰੀ ਹੈ। ਵਿਸ਼ਵ ਦੀ ਲਗਭਗ 18 ਪ੍ਰਤੀਸ਼ਤ ਜਨਸੰਖਿਆ ਅਤੇ ਪਸ਼ੂਧਨ ਭਾਰਤ ਵਿੱਚ ਨਿਵਾਸ ਕਰਦੇ ਹਨ, ਜਦੋਂ ਕਿ ਸਾਡੇ ਕੋਲ ਵਿਸ਼ਵਵਿਆਪੀ ਮਿੱਠੇ ਪਾਣੀ ਦੇ ਸਰੋਤਾਂ ਦੀ ਸਿਰਫ਼ 4 ਪ੍ਰਤੀਸ਼ਤ ਹੀ ਉਪਲਬਧਤਾ ਹੈ। ਸ਼ਹਿਰੀਕਰਣ, ਵਧਦੀ ਮੰਗ ਅਤੇ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਦੇ ਦਰਮਿਆਨ ਪਾਣੀ ਦਾ ਪ੍ਰਭਾਵੀ ਪ੍ਰਬੰਧਨ ਅੱਜ ਇੱਕ ਰਾਸ਼ਟਰੀ ਤਰਜੀਹ ਬਣ ਚੁੱਕਿਆ ਹੈ।

ਇਨ੍ਹਾਂ ਚੁਣੌਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਦੀ ਅਗਵਾਈ ਵਿੱਚ ਭਾਰਤ ਨੇ ਜਲ ਪ੍ਰਬੰਧਨ ਲਈ ਇੱਕ ਸਮੁੱਚੀ ਪਹੁੰਚ ਅਪਣਾਈ ਹੈ। ਜਲ ਸ਼ਕਤੀ ਮੰਤਰਾਲੇ ਦੀ ਸਥਾਪਨਾ ਨਾਲ ਜਲ ਨਾਲ ਜੁੜੇ ਵੱਖ-ਵੱਖ ਵਿਭਾਗਾਂ ਦਾ ਏਕੀਕਰਣ ਹੋਇਆ ਹੈ, ਜਿਸ ਨਾਲ ਯੋਜਨਾਵਾਂ ਦੇ ਬਿਹਤਰ ਅਤੇ ਤਾਲਮੇਲ ਵਾਲੇ ਲਾਗੂਕਰਨ ਦਾ ਰਾਹ ਪੱਧਰਾ ਹੋਇਆ ਹੈ। ਇਹ ਦ੍ਰਿਸ਼ਟੀਕੋਣ ਪਾਣੀ ਦੇ ਪੂਰੇ ਚੱਕਰ ਨੂੰ ਇਕੱਠੇ ਲੈ ਕੇ ਚਲਦਾ ਹੈ। ਇੱਕ ਪਾਸੇ ਸੰਭਾਲ ਅਤੇ ਭੂਮੀਗਤ ਪਾਣੀ ਰਿਚਾਰਜ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ, ਉੱਥੇ ਹੀ ਡੈਮਾਂ ਅਤੇ ਜਲ ਭੰਡਾਰਾਂ ਰਾਹੀਂ ਸਟੋਰੇਜ ਸਮਰੱਥਾ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਨਦੀ ਜੋੜ ਪ੍ਰੋਜੈਕਟਸ ਸੰਤੁਲਿਤ ਜਲ-ਵੰਡ ਦੀ ਦਿਸ਼ਾ ਵਿੱਚ ਯਤਨ ਕਰ ਰਹੇ ਹਨ। ਜਲ ਜੀਵਨ ਮਿਸ਼ਨ ਅਤੇ ਕਮਾਂਡ ਏਰੀਆ ਵਿਕਾਸ ਦੇ ਆਧੁਨਿਕੀਕਰਣ ਨਾਲ ਪਾਣੀ ਦੀ ਉਪਲਬਧਤਾ ਵਧਾਉਣ 'ਤੇ ਧਿਆਨ ਦਿੱਤਾ ਗਿਆ ਹੈ, ਜਦੋਂ ਕਿ ਨਮਾਮਿ ਗੰਗੇ ਜਿਹੇ ਪ੍ਰੋਗਰਾਮਾਂ ਰਾਹੀਂ ਜਲ ਗੁਣਵੱਤਾ ਸੁਧਾਰਨ ਦਾ ਕੰਮ ਅੱਗੇ ਵਧ ਰਿਹਾ ਹੈ। ਨਾਲ ਹੀ, ਖੋਜ, ਨਵੀਨਤਾ ਅਤੇ ਜਨਤਕ ਜਾਗਰੂਕਤਾ ਰਾਹੀਂ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਰਹਿਣ 'ਤੇ ਵੀ ਜ਼ੋਰ ਦਿੱਤਾ ਗਿਆ ਹੈ। ਇਸ ਪੂਰੇ ਯਤਨ ਦਾ ਮੂਲ ਭਾਵ ਹੈ-ਜਨਤਕ ਭਾਗੀਦਾਰੀ। ਪ੍ਰਧਾਨ ਮੰਤਰੀ ਜੀ ਨੇ ਪਾਣੀ ਦੀ ਸੰਭਾਲ ਨੂੰ ਜਨਤਕ ਅੰਦੋਲਨ ਬਣਾਉਣ ਦਾ ਸੱਦਾ ਦਿੱਤਾ ਹੈ। ਸਰਕਾਰ ਦਿਸ਼ਾ ਅਤੇ ਸਰੋਤ ਉਪਲਬਧ ਕਰਵਾ ਸਕਦੀ ਹੈ, ਲੇਕਿਨ ਸਥਾਈ ਬਦਲਾਅ ਉਦੋਂ ਸੰਭਵ ਹੈ ਜਦੋਂ ਸਮਾਜ ਖੁਦ ਇਸ ਵਿੱਚ ਭਾਗੀਦਾਰ ਬਣੇ। ਜਲ ਜੀਵਨ ਮਿਸ਼ਨ ਇਸੇ ਸੋਚ ਦੀ ਇੱਕ ਮਹੱਤਵਪੂਰਨ ਉਦਾਹਰਣ ਹੈ। ਇਹ ਵਿਸ਼ਵ ਦਾ ਸਭ ਤੋਂ ਵੱਡਾ ਗ੍ਰਾਮੀਣ ਪੇਯਜਲ ਪ੍ਰੋਗਰਾਮ ਹੈ, ਜਿਸ ਦਾ ਉਦੇਸ਼ ਹਰੇਕ ਗ੍ਰਾਮੀਣ ਪਰਿਵਾਰ ਤੱਕ ਸੁਰੱਖਿਅਤ ਅਤੇ ਲੋੜੀਂਦਾ ਪੇਯਜਲ ਪਹੁੰਚਾਉਣਾ ਹੈ। ਅੱਜ 15.8 ਕਰੋੜ ਤੋਂ ਵੱਧ ਗ੍ਰਾਮੀਣ ਪਰਿਵਾਰਾਂ ਤੱਕ ਨਲ ਤੋਂ ਜਲ ਦੀ ਸੁਵਿਧਾ ਪਹੁੰਚ ਚੁੱਕੀ ਹੈ, ਜਿਸ ਨਾਲ ਜੀਵਨ ਦੀ ਗੁਣਵੱਤਾ ਵਿੱਚ ਜ਼ਿਕਰਯੋਗ ਸੁਧਾਰ ਹੋਇਆ ਹੈ।

ਇਸ ਮਿਸ਼ਨ ਦਾ ਇੱਕ ਵੱਡਾ ਪ੍ਰਭਾਵ ਮਹਿਲਾਵਾਂ ਦੇ ਜੀਵਨ ਵਿੱਚ ਦਿਖਾਈ ਦਿੰਦਾ ਹੈ। ਪਾਣੀ ਲਿਆਉਣ ਦੀ ਮਿਹਨਤ ਵਿੱਚ ਕਮੀ ਆਈ ਹੈ, ਸਿਹਤ ਬਿਹਤਰ ਹੋਈ ਹੈ ਅਤੇ ਸਿੱਖਿਆ ਅਤੇ ਆਜੀਵਿਕਾ ਵਿੱਚ ਉਨ੍ਹਾਂ ਦੀ ਭਾਗੀਦਾਰੀ ਵਧੀ ਹੈ। ਗ੍ਰਾਮ ਪੰਚਾਇਤਾਂ ਅਤੇ ਸਥਾਨਕ ਜਲ ਅਤੇ ਸਵੱਛਤਾ ਕਮੇਟੀਆਂ ਦੀ ਭੂਮਿਕਾ ਨਾਲ ਭਾਈਚਾਰੇ ਦਾ ਜੁੜਾਅ ਮਜ਼ਬੂਤ ਹੋਇਆ ਹੈ, ਉੱਥੇ ਹੀ ਫੀਲਡ ਟੈਸਟ ਕਿੱਟ ਰਾਹੀਂ ਜਲ ਗੁਣਵੱਤਾ ਦੀ ਨਿਗਰਾਨੀ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਨੇ ਸਥਾਨਕ ਮਲਕੀਅਤ ਨੂੰ ਹੋਰ ਮਜ਼ਬੂਤ ਕੀਤਾ ਹੈ।

ਨਮਾਮਿ ਗੰਗੇ ਪ੍ਰੋਗਰਾਮ ਨੇ ਗੰਗਾ ਅਤੇ ਉਸ ਦੀਆਂ ਸਹਾਇਕ ਨਦੀਆਂ ਵਿੱਚ ਜਲ ਗੁਣਵੱਤਾ ਸੁਧਾਰਨ ਅਤੇ ਈਕੋਸਿਸਟਮ ਦੇ ਪੁਨਰ ਜੀਵਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਨਿਰਮਲ ਅਤੇ ਅਵਿਰਲ ਗੰਗਾ ਦੇ ਨਾਲ-ਨਾਲ "ਅਰਥ ਗੰਗਾ" ਅਤੇ "ਜਨ ਗੰਗਾ" ਜਿਹੀਆਂ ਪਹਿਲਕਦਮੀਆਂ ਨਦੀ ਸੰਭਾਲ ਨੂੰ ਲੋਕਾਂ ਦੇ ਜੀਵਨ ਅਤੇ ਆਜੀਵਿਕਾ ਨਾਲ ਜੋੜਦੀਆਂ ਹਨ।

"ਕੈਚ ਦ ਰੇਨ" ਅਭਿਆਨ ਅਤੇ "ਜਲ ਸੰਚਯ-ਜਨ ਭਾਗੀਦਾਰੀ" ਜਿਹੇ ਯਤਨਾਂ ਨੇ ਜਲ ਸੰਭਾਲ ਨੂੰ ਜਨਤਕ ਅੰਦੋਲਨ ਦਾ ਸਰੂਪ ਦਿੱਤਾ ਹੈ। ਮੀਂਹ ਦੇ ਪਾਣੀ ਦੀ ਸੰਭਾਲ, ਰਵਾਇਤੀ ਜਲ ਸਰੋਤਾਂ ਦਾ ਪੁਨਰ ਜੀਵਨ, ਬੋਰਵੈਲ ਰਿਚਾਰਜ ਅਤੇ ਚੈੱਕ-ਡੈਮ ਨਿਰਮਾਣ ਜਿਹੇ ਕੰਮਾਂ ਵਿੱਚ ਲੋਕਾਂ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲ ਰਹੀ ਹੈ।

ਸਤੰਬਰ 2024 ਵਿੱਚ ਹੁਣ ਤੱਕ ਦੇਸ਼ ਭਰ ਵਿੱਚ 45 ਲੱਖ ਤੋਂ ਵੱਧ ਮੀਂਹ ਦੇ ਪਾਣੀ ਦੀ ਸੰਭਾਲ ਦੇ ਢਾਂਚਿਆਂ ਦਾ ਨਿਰਮਾਣ ਇਸੇ ਸਮੂਹਿਕ ਯਤਨ ਦਾ ਨਤੀਜਾ ਹੈ। ਇਹ ਦਿਖਾਉਂਦਾ ਹੈ ਕਿ ਜਦੋਂ ਸਰਕਾਰ ਅਤੇ ਸਮਾਜ ਇਕੱਠੇ ਮਿਲ ਕੇ ਕੰਮ ਕਰਦੇ ਹਨ, ਤਾਂ ਬਦਲਾਅ ਵਿਆਪਕ ਅਤੇ ਸਥਾਈ ਹੁੰਦਾ ਹੈ।

ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਅਜਿਹੀਆਂ ਕਈ ਪ੍ਰੇਰਕ ਉਦਾਹਰਣਾਂ ਸਾਹਮਣੇ ਆਈਆਂ ਹਨ। ਗੁਜਰਾਤ ਦੇ ਬਨਾਸਕਾਂਠਾ ਵਿੱਚ ਡੇਅਰੀ ਸਹਿਕਾਰੀ ਕਮੇਟੀਆਂ ਅਤੇ ਕਿਸਾਨਾਂ ਨੇ ਮਿਲ ਕੇ ਘੱਟ ਲਾਗਤ ਵਾਲੇ ਰਿਚਾਰਜ ਪਿਟ ਬਣਾਏ ਹਨ। ਛੱਤੀਸਗੜ੍ਹ ਦੇ ਕੋਰੀਆ ਵਿੱਚ ਕਿਸਾਨਾਂ ਨੇ ਆਪਣੀ ਜ਼ਮੀਨ ਦਾ ਇੱਕ ਹਿੱਸਾ ਭੂਮੀਗਤ ਪਾਣੀ ਰੀਚਾਰਜ ਲਈ ਸਮਰਪਿਤ ਕੀਤਾ ਹੈ। ਸ਼ਹਿਰੀ ਖੇਤਰਾਂ ਵਿੱਚ ਵੀ ਰਿਹਾਇਸ਼ੀ ਕੈਂਪਸ ਮੀਂਹ ਦੇ ਪਾਣੀ ਦੀ ਸੰਭਾਲ ਅਤੇ ਮੁੜ ਵਰਤੋਂ ਨੂੰ ਅਪਣਾਉਣ ਲਗੇ ਹਨ। ਉਦਯੋਗ ਜਗਤ ਵੀ ਇਸ ਦਿਸ਼ਾ ਵਿੱਚ ਅੱਗੇ ਵਧ ਰਿਹਾ ਹੈ। ਪਾਣੀ ਦੇ ਆਡਿਟ, ਰੀਸਾਈਕਲਿੰਗ ਅਤੇ ਮੁੜ ਵਰਤੋਂ, ਜ਼ੀਰੋ ਲਿਕਵਿਡ ਡਿਸਚਾਰਜ ਅਤੇ ਮੀਂਹ ਦੇ ਪਾਣੀ ਦੀ ਸੰਭਾਲ ਵਰਗੇ ਅਭਿਆਸਾਂ ਨੂੰ ਅਪਣਾ ਕੇ ਉਦਯੋਗ ਜ਼ਿੰਮੇਵਾਰ ਪਾਣੀ ਪ੍ਰਬੰਧਨ ਦੀ ਦਿਸ਼ਾ ਵਿੱਚ ਯੋਗਦਾਨ ਪਾ ਰਹੇ ਹਨ।

ਖੇਤੀਬਾੜੀ ਖੇਤਰ ਵਿੱਚ ਵੀ ਪਾਣੀ ਦੀ ਸੰਤੁਲਿਤ ਅਤੇ ਵਿਵੇਕਪੂਰਨ ਵਰਤੋਂ ਦੀ ਦਿਸ਼ਾ ਵਿੱਚ ਬਦਲਾਅ ਦਿਖਾਈ ਦੇ ਰਿਹਾ ਹੈ। ਮਾਈਕ੍ਰੋ-ਇਰੀਗੇਸ਼ਨ, ਖੇਤ ਪੱਧਰ 'ਤੇ ਬਿਹਤਰ ਜਲ ਪ੍ਰਬੰਧਨ ਅਤੇ ਉਪਲਬਧ ਸੰਸਾਧਨਾਂ ਦੀ ਪ੍ਰਭਾਵਸ਼ਾਲੀ ਵਰਤੋਂ ਜਿਹੀਆਂ ਪਹਿਲਕਦਮੀਆਂ ਨਾ ਸਿਰਫ਼ ਕਿਸਾਨਾਂ ਦੀ ਆਮਦਨ ਨੂੰ ਮਜ਼ਬੂਤ ਕਰਦੀਆਂ ਹਨ, ਸਗੋਂ ਲੰਬੇ ਸਮੇਂ ਦੀ ਸਥਿਰਤਾ ਨੂੰ ਵੀ ਹੁਲਾਰਾ ਦਿੰਦੀਆਂ ਹਨ।

ਪਾਣੀ ਦੀ ਸੰਭਾਲ ਨੂੰ ਜੀਵਨ ਸ਼ੈਲੀ ਦਾ ਹਿੱਸਾ ਬਣਾਉਣਾ ਸਮੇਂ ਦੀ ਮੰਗ ਹੈ। ਮੀਂਹ ਦੇ ਪਾਣੀ ਦੀ ਸੰਭਾਲ, ਸੋਧੇ ਹੋਏ ਪਾਣੀ ਦੀ ਮੁੜ ਵਰਤੋਂ ਅਤੇ ਪਾਣੀ ਦੀ ਬਰਬਾਦੀ ਨੂੰ ਰੋਕਣਾ - ਇਹ ਅਜਿਹੇ ਕਦਮ ਹਨ, ਜਿਨ੍ਹਾਂ ਨੂੰ ਅਪਣਾ ਕੇ ਅਸੀਂ ਆਪਣੇ ਸ਼ਹਿਰਾਂ ਨੂੰ ਵਧੇਰੇ ਜਲ-ਸੁਰੱਖਿਅਤ ਬਣਾ ਸਕਦੇ ਹਾਂ।

ਭਾਰਤ ਦੀ ਜਲ ਸੁਰੱਖਿਆ ਦੀ ਇਹ ਯਾਤਰਾ ਇੱਕ ਸਮੂਹਿਕ ਰਾਸ਼ਟਰੀ ਯਤਨ ਹੈ। ਇਹ ਸਿਰਫ਼ ਨੀਤੀਆਂ ਅਤੇ ਬੁਨਿਆਦੀ ਢਾਂਚੇ ਨਾਲ ਨਹੀਂ, ਸਗੋਂ ਸਾਡੇ ਵਿਵਹਾਰ ਅਤੇ ਸੋਚ ਵਿੱਚ ਬਦਲਾਅ ਨਾਲ ਹੀ ਸੰਭਵ ਹੈ।

ਆਓ, ਇਸ ਵਿਸ਼ਵ ਜਲ ਦਿਵਸ 'ਤੇ ਅਸੀਂ ਪਾਣੀ ਦੀ ਸੰਭਾਲ ਨੂੰ ਆਪਣੀ ਆਦਤ ਵਿੱਚ ਲਿਆਈਏ ਅਤੇ ਆਪਣੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਕਰੀਏ। ਜੇਕਰ ਹਰ ਨਾਗਰਿਕ ਹਰ ਰੋਜ਼ ਸਿਰਫ਼ ਇੱਕ ਲੀਟਰ ਪਾਣੀ ਵੀ ਬਚਾਉਂਦਾ ਹੈ ਜਾਂ ਉਸ ਦੀ ਦੁਬਾਰਾ ਵਰਤੋਂ ਕਰਦਾ ਹੈ, ਤਾਂ ਅਸੀਂ ਇੱਕ ਰਾਸ਼ਟਰ ਦੇ ਰੂਪ ਵਿੱਚ ਰੋਜ਼ਾਨਾ 140 ਕਰੋੜ ਲੀਟਰ ਤੋਂ ਵੱਧ ਪਾਣੀ ਬਚਾ ਸਕਦੇ ਹਾਂ। ਪਾਣੀ ਦੀ ਸੰਭਾਲ ਨੂੰ ਕੋਸ਼ਿਸ਼ ਨਹੀਂ, ਸਗੋਂ ਆਦਤ ਬਣਾਉਣਾ ਹੋਵੇਗਾ - ਤਾਂ ਹੀ ਪਾਣੀ-ਸੁਰੱਖਿਅਤ ਵਿਕਸਿਤ ਭਾਰਤ ਦਾ ਟੀਚਾ ਸਾਕਾਰ ਹੋਵੇਗਾ।

(ਲੇਖਕ ਭਾਰਤ ਸਰਕਾਰ ਵਿੱਚ ਕੇਂਦਰੀ ਜਲ ਸ਼ਕਤੀ ਮੰਤਰੀ ਹਨ।)

ਸ਼ਹੀਦੀ ਦਿਨ 'ਤੇ ਵਿਸ਼ੇਸ਼

ਮਾਨਵੀ ਗੁਣਾਂ ਦਾ ਮੁਜੱਸਮਾ-ਦਸਮ ਪਿਤਾ ਦਾ ਲਾਡਲਾ ਪੀਰ ਬੁੱਧੂ ਸ਼ਾਹ

ਭਗਵਾਨ ਸਿੰਘ ਜੌਹਲ
ਮੋ. 98143-24040

ਧਰਮ ਦੀਆਂ ਪੱਕੀਆਂ ਤੇ ਤੰਗ ਸੀਮਾਵਾਂ ਤੋਂ ਉੱਪਰ ਦੀ ਸੋਚ ਦੇ ਧਾਰਨੀ ਅਤੇ ਮਾਨਵੀ ਗੁਣਾਂ ਦੇ ਮੁਜੱਸਮੇ ਪੀਰ ਬੁੱਧੂ ਸ਼ਾਹ ਨੂੰ ਹਰ ਸਿੱਖ ਬੜੀ ਸ਼ਰਧਾ ਤੇ ਸਤਿਕਾਰ ਨਾਲ ਯਾਦ ਕਰਦਾ ਹੈ। ਭੰਗਾਣੀ ਦੇ ਯੁੱਧ ਤੋਂ ਉਪਰੰਤ ਪੀਰ ਜੀ ਨੇ ਆਪਣੇ ਚਾਰ ਪੁੱਤਰਾਂ ਵਿੱਚੋਂ ਦੋ ਪੁੱਤਰ ਸੱਯਦ ਅਸ਼ਰਫ਼ ਸ਼ਾਹ ਅਤੇ ਸੱਯਦ ਮੁਹੰਮਦ ਸ਼ਾਹ ਅਤੇ ਸਕੇ ਭਾਈ ਭੂਰੇ ਸ਼ਾਹ ਨੂੰ ਅਤੇ ਸੱਤ ਸੌ ਮੁਰੀਦਾਂ ਵਿੱਚੋਂ ਅਨੇਕਾਂ ਮੁਰੀਦ ਸ਼ਹੀਦ ਕਰਵਾ ਕੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਪ੍ਰਾਪਤ ਕੀਤੀ। ਇਤਿਹਾਸਕ ਹਵਾਲਿਆਂ ਮੁਤਾਬਕ ਪੀਰ ਬੁੱਧੂ ਸ਼ਾਹ ਦਾ ਜਨਮ 13 ਜੂਨ, 1647 ਈ: ਨੂੰ ਸਯਦ ਗੁਲਾਮ ਸ਼ਾਹ ਦੇ ਘਰ ਅੰਬਾਲਾ ਜ਼ਿਲ੍ਹੇ ਦੇ ਸਢੌਰਾ ਕਸਬੇ ਵਿੱਚ ਹੋਇਆ। ਪੀਰ ਜੀ ਦਾ ਪੂਰਾ ਨਾਂਅ ਸਯਦ ਬਦਰੁੱਦੀਨ ਸ਼ਾਹ ਸੀ। ਪੀਰ ਜੀ ਬਚਪਨ ਤੋਂ ਹੀ ਘੱਟ ਬੋਲਣ ਵਾਲੇ, ਗੰਭੀਰ ਅਤੇ ਸਾਦੇ ਸੁਭਾਅ ਵਾਲੇ ਸਨ। ਇਸੇ ਕਰਕੇ ਲੋਕਾਂ ਨੇ ਪੀਰ ਜੀ ਨੂੰ ਬੁੱਧੂ ਕਹਿਣਾ ਸ਼ੁਰੂ ਕਰ ਦਿੱਤਾ। ਇਹ ਨਾਂਅ ਪੀਰ ਜੀ ਦੇ ਸੁਭਾਅ ਕਰਕੇ ਪੱਕੇ ਤੌਰ 'ਤੇ ਉਨ੍ਹਾਂ ਨਾਲ ਜੁੜ ਗਿਆ। ਪੀਰ ਜੀ ਦੇ ਵੱਡੇ-ਵਡੇਰੇ ਪਹਿਲਾਂ ਸਮਾਣੇ ਰਹਿੰਦੇ ਸਨ, ਪਰ ਇਸ ਤੋਂ ਪਿੱਛੋਂ ਸਢੌਰੇ ਆ ਵਸੇ। ਜਿਸ ਮੁਹੱਲੇ ਵਿੱਚ ਇਹ ਪਰਿਵਾਰ ਆ ਕੇ ਵਸਿਆ, ਉਹ ਬਾਅਦ ਵਿੱਚ ਸਯਦਾਂ ਵਾਲਾ ਮੁਹੱਲਾ ਕਰਕੇ ਪ੍ਰਸਿੱਧ ਹੋਇਆ।

ਪੀਰ ਜੀ ਦੀ ਸ਼ਾਦੀ ਮੁਗਲ ਸੈਨਾ ਦੇ ਇਕ ਵੱਡੇ ਜਰਨੈਲ ਸੈਦ ਖਾਨ ਦੀ ਭੈਣ ਨਸੀਰਾਂ ਨਾਲ ਹੋਈ। ਜਦੋਂ ਬਾਲ ਗੁਰੂ ਗੋਬਿੰਦ ਰਾਏ (ਸਿੰਘ) ਸ੍ਰੀ ਪਟਨਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਣ ਸਮੇਂ ਕੁਝ ਸਮੇਂ ਲਖਨੌਰ ਰੁਕੇ ਤਾਂ ਪੀਰ ਭੀਖਣ ਸ਼ਾਹ ਜਦੋਂ ਬਾਲ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਏ ਤਾਂ ਉਸ ਸਮੇਂ ਪੀਰ ਬੁੱਧੂ ਸ਼ਾਹ ਨੇ ਵੀ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਇਸ ਤੋਂ ਪਿੱਛੋਂ ਪੀਰ ਜੀ ਦਿੱਲੀ ਵਿਖੇ ਗੋਸ਼ਾ-ਨਸ਼ੀਨ ਰਹਿਣ ਤੋਂ ਉਪਰੰਤ ਜਦੋਂ ਵਾਪਸ ਸਢੌਰਾ ਆਏ ਤਾਂ ਪੀਰ ਜੀ ਨੂੰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਪਾਉਂਟਾ ਸਾਹਿਬ ਦੀ ਆਮਦ ਬਾਰੇ ਪਤਾ ਲੱਗਾ। ਪਿਆਰ ਵਿੱਚ ਬਿਹਬਲ ਪੀਰ ਜੀ ਨੇ ਗੁਰੂ ਨਾਨਕ ਸਾਹਿਬ ਦੇ ਦੱਸਵੇਂ ਸਰੂਪ ਗੁਰੂ ਗੋਬਿੰਦ ਸਿੰਘ ਜੀ ਦੇ ਪਾਉਂਟਾ ਸਾਹਿਬ ਵਿਖੇ ਦਰਸ਼ਨ ਕੀਤੇ। ਆਪ ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ ਤੋਂ ਅਜਿਹੇ ਪ੍ਰਭਾਵਿਤ ਹੋਏ ਕਿ ਰੱਬੀ ਗੁਣਾਂ ਦੇ ਮੁਜੱਸਮੇ ਦਸਮ ਪਿਤਾ ਜੀ ਹਮੇਸ਼ਾਂ ਅੰਗ-ਸੰਗ ਰਹਿਣ ਲਈ ਬੇਨਤੀ ਕਰਨ ਲਈ ਹੱਥ ਜੁੜ ਗਏ।

ਇਕ ਵਾਰ ਅਜਿਹਾ ਸਮਾਂ ਆਇਆ, ਜਦੋਂ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਨੇ ਆਪਣੀ ਫੌਜ ਦੇ ਬਹੁਤ ਸਾਰੇ ਪਠਾਣਾਂ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ। ਉਹ ਸਾਰੇ ਪਠਾਣ ਪੀਰ ਜੀ ਕੋਲ ਆਪਣੇ ਦੁੱਖੜੇ ਰੋਣ ਲਈ ਪਹੁੰਚੇ। ਪੀਰ ਜੀ ਨੇ ਉਨ੍ਹਾਂ ਪਠਾਣਾਂ ਨੂੰ ਨੌਕਰੀ ਦਿਵਾਉਣ ਲਈ ਪਾਉਂਟਾ ਸਾਹਿਬ ਜਾ ਕੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ। ਗੁਰੂ ਸਾਹਿਬ ਨੇ ਪੀਰ ਜੀ ਦੀ ਬੇਨਤੀ ਮੰਨਦਿਆਂ ਸਾਰੇ ਪਠਾਣਾਂ ਨੂੰ ਆਪਣੇ ਪਾਸ ਰੱਖ ਲਿਆ। ਪਰ ਜਦੋਂ ਪਹਾੜੀ ਰਾਜਿਆਂ ਵੱਲੋਂ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਮਜਬੂਰ ਕਰਕੇ ਲੜਾਈ ਛੇੜ ਦਿੱਤੀ ਗਈ ਤਾਂ ਇਨ੍ਹਾਂ ਪਠਾਣਾਂ ਵਿੱਚੋਂ ਇਕ ਪਠਾਣ ਜਰਨੈਲ ਕਾਲੇ ਖਾਨ ਤੋਂ ਬਿਨਾਂ ਬਾਕੀ ਤਿੰਨ ਜਰਨੈਲ ਤੀਖਨ ਖਾਨ, ਨਜ਼ਾਬਤ ਖਾਨ ਅਤੇ ਹਯਾਤ ਖਾਨ ਨਮਕ-ਹਰਾਮੀ ਕਰਕੇ ਗੁਰੂ ਸਾਹਿਬ ਨੂੰ ਛੱਡ ਕੇ ਚਲੇ ਗਏ। ਕੇਵਲ ਛੱਡਿਆ ਹੀ ਨਹੀਂ, ਸਗੋਂ ਪਹਾੜੀ ਰਾਜਿਆਂ ਦੀ ਫੌਜ ਨਾਲ ਜਾ ਰਲੇ। ਜਦੋਂ ਪੀਰ ਜੀ ਨੂੰ ਇਹ ਖਬਰ ਮਿਲੀ ਤਾਂ ਪੀਰ ਜੀ ਆਪਣੇ ਸੱਤ ਸੌ ਮੁਰੀਦਾਂ, ਚਾਰ ਪੁੱਤਰਾਂ ਅਤੇ ਇਕ ਭਰਾ ਸਮੇਤ ਭੰਗਾਣੀ ਦੇ ਮੈਦਾਨ ਵਿੱਚ ਪੁੱਜੇ ਅਤੇ ਇਸ ਗਹਿਗੱਚ ਯੁੱਧ ਵਿੱਚ ਆਪਣਾ ਯੋਗਦਾਨ ਪਾਇਆ। ਇਸ ਯੁੱਧ ਵਿੱਚ ਪੀਰ ਜੀ ਦੇ ਅਨੇਕਾਂ ਮੁਰੀਦਾਂ, ਦੋ ਪੁੱਤਰਾਂ ਅਤੇ ਇਕ ਭਰਾ ਨੇ ਸ਼ਹਾਦਤ ਦਾ ਜਾਮ ਪੀਤਾ।

ਇਤਿਹਾਸਕ ਤੱਥ ਇਸ ਗੱਲ ਨੂੰ ਬਿਆਨ ਕਰਦੇ ਹਨ, ਜਦੋਂ ਕਲਗੀਧਰ ਪਾਤਸ਼ਾਹ ਨੇ ਯੁੱਧ ਤੋਂ ਉਪਰੰਤ ਬੇਸ਼ਕੀਮਤੀ ਵਸਤੂਆਂ, ਧਨ ਦੌਲਤ ਪੀਰ ਜੀ ਨੂੰ ਬਖ਼ਸ਼ਿਸ਼ ਵਜੋਂ ਲੈਣ ਲਈ ਕਿਹਾ ਤਾਂ ਪੀਰ ਜੀ ਨਿਮਾਣੇ ਸਿੱਖ ਸ਼ਰਧਾਲੂ ਵਜੋਂ ਹੱਥ ਜੋੜ ਕੇ ਗੁਰੂ ਸਾਹਿਬ ਦੇ ਸਨਮੁੱਖ ਖਲੋ ਗਏ, ਇਹ ਵਸਤਾਂ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਸਮੇਂ ਗੁਰੂ ਸਾਹਿਬ ਕੇਸਾਂ ਨੂੰ ਕੰਘੇ ਨਾਲ ਸੰਵਾਰ ਕੇ ਦਸਤਾਰ ਸਜਾਉਣ ਦੀ ਤਿਆਰੀ ਵਿੱਚ ਸਨ। ਪੀਰ ਜੀ ਨੇ ਬੜੀ ਅਧੀਨਗੀ ਨਾਲ ਕੰਘੇ ਵਿੱਚ ਫਸੇ ਗੁਰੂ ਸਾਹਿਬ ਦੇ ਰੋਮਾਂ (ਕੇਸਾਂ) ਨੂੰ ਆਪਣੀ ਝੋਲੀ ਫੈਲਾਅ ਕੇ ਪ

ਅਮਰੀਕਾ ਦੇ ਰਾਜ ਮੰਤਰੀ ਤੇ ਰੱਖਿਆ ਮੰਤਰੀ ਦੇ ਘਰਾਂ ਉਪਰ ਮੰਡਰਾਏ ਸ਼ੱਕੀ ਡਰੋਨ

ਵਾਸ਼ਿੰਗਟਨ, 20 ਮਾਰਚ (ਚ.ਨ.ਸ): ਅਮਰੀਕਾ ਦੇ ਰਾਜ ਮੰਤਰੀ ਮਾਰਕੋ ਰੂਬਿਓ ਤੇ ਰੱਖਿਆ ਮੰਤਰੀ ਪੀਟ

ਹੈਗਸੇਥ ਦੇ ਰਹਿਣ ਵਾਲੇ-ਵਾਸ਼ਿੰਗਟਨ ਡੀ.ਸੀ. ਦੇ ਫੋਰਟ ਲੈਸਲੀ ਜੇ. ਮੈਕਨੈਅਰ ਫੌਜੀ ਅੱਡੇ ਉਤੇ ਕਈ ਅਣਪਛਾਤੇ ਡਰੋਨ ਦੇਖੇ ਗਏ ਹਨ। ਇਸ ਘਟਨਾ ਨੇ ਅਮਰੀਕੀ ਸਰਕਾਰ ਨੂੰ ਉਨ੍ਹਾਂ ਨੂੰ ਹੋਰ ਥਾਂ ਉਤੇ ਭੇਜਣ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਵੀ ਅਮਰੀਕੀ ਅਧਿਕਾਰੀਆਂ ਨੇ ਸ਼ੱਕ ਜਤਾਇਆ ਸੀ ਕਿ ਇਰਾਨੀ ਏਜੰਟ ਅਣਪਛਾਤੇ ਡਰੋਨ ਰਾਹੀਂ ਉਚ ਅਮਰੀਕੀ ਨੇਤਾਵਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। 2024 ਦੀ ਰਾਸ਼ਟਰਪਤੀ ਚੋਣ ਮੁਹਿੰਮ ਦੌਰਾਨ ਡੌਨਾਲਡ ਟਰੰਪ ਦੀ ਸੁਰੱਖਿਆ ਕਰ ਰਹੇ ਸੀਕ੍ਰੇਟ ਸਰਵਿਸ ਏਜੰਟਾਂ ਨੇ ਵੀ ਕਈ ਵਾਰ ਅਣਪਛਾਤੇ ਡਰੋਨ ਦੇਖੇ ਸਨ। ਵਾਸ਼ਿੰਗਟਨ ਪੋਸਟ ਦੀ ਰਿਪੋਰਟ ਮੁਤਾਬਿਕ, ਪਿਛਲੇ 10 ਦਿਨਾਂ ਵਿੱਚ ਇੱਕ ਹੀ ਰਾਤ ਕਈ ਵਾਰ ਡਰੋਨ ਦੇਖੇ ਗਏ, ਜਿਸ ਕਾਰਨ ਤੁਰੰਤ ਸੁਰੱਖਿਆ ਸਮੀਖਿਆ ਤੇ ਵਾਈਟ ਹਾਊਸ ਵਿੱਚ ਮੀਟਿੰਗ ਹੋਈ। ਘਟਨਾ ਉਸ ਸਮੇਂ ਵਾਪਰੀ ਜਦੋਂ ਅਮਰੀਕਾ ਤੇ ਇਜ਼ਰਾਈਲ ਵੱਲੋਂ ਇਰਾਨ ਉਤੇ ਹਮਲੇ ਜਾਰੀ ਹਨ ਤੇ ਇਹ ਫੌਜੀ ਅੱਡਿਆਂ ਉਤੇ ਸੁਰੱਖਿਆ ਹੋਰ ਕੜੀ ਕੀਤੀ ਜਾ ਰਹੀ ਹੈ। ਮੈਕਡਿਲ ਬੇਸ ਉਤੇ ਹਾਲ ਹੀ ਵਿੱਚ ਦੋ ਵੱਖ-ਵੱਖ ਸੁਰੱਖਿਆ ਘਟਨਾਵਾਂ ਹੋਈਆਂ ਹਨ। ਇੱਕ ਸ਼ੱਕੀ ਪੈਕੇਜ ਕਾਰਨ ਵਿਜ਼ਟਰ ਸੈਂਟਰ ਘੰਟਿਆਂ ਲਈ ਬੰਦ ਰਿਹਾ ਤੇ ਇੱਕ ਹੋਰ ਘਟਨਾ ਕਾਰਨ ਪੂਰੇ ਅੱਡੇ ਉਤੇ ਸ਼ੈਲਟਰ-ਇਨ-ਪਲੇਸ ਹੁਕਮ ਜਾਰੀ ਕੀਤਾ ਗਿਆ।

ਵਿਧਾਇਕ ਕਲਸੀ ਨੇ ਜ਼ਮੀਨੀ ਪੱਧਰ 'ਤੇ ਪਹੁੰਚ ਕੇ ਐਲ.ਪੀ.ਜੀ. ਸਪਲਾਈ ਦਾ ਜਾਇਜ਼ਾ ਲਿਆ

☛ ਗੈਸ-ਸਿਲੰਡਰ ਦੀ ਸਪਲਾਈ 'ਚ ਦਰਪੇਸ਼ ਆਉਂਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਅਧਿਕਾਰੀਆਂ ਨੂੰ ਦਿੱਤੇ ਸਖ਼ਤ ਦਿਸ਼ਾ-ਨਿਰਦੇਸ਼

ਬਟਾਲਾ, 20 ਮਾਰਚ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਸ਼ੈਰੀ ਕਲਸੀ ਵੱਲੋਂ ਕਾਹਨੂੰਵਾਨ ਚੌਕ ਬਟਾਲਾ ਨੇੜੇ ਜ਼ਮੀਨੀ ਪੱਧਰ ਦੇ ਉਪਰ ਪਹੁੰਚ ਕੇ ਐਲ.ਪੀ.ਜੀ. ਸਿਲੰਡਰ ਸਪਲਾਈ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਸਪਲਾਈ ਵਿੱਚ ਦਰਪੇਸ਼ ਆਉਂਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਅਧਿਕਾਰੀਆਂ ਨੂੰ ਸਖ਼ਤ ਦਿਸ਼ਾ-ਨਿਰਦੇਸ਼ ਦਿੱਤੇ। ਇਸ ਮੌਕੇ ਨਾਇਬ ਤਹਿਸੀਲਦਾਰ ਨਿਤਿਨ ਸੋਹਤਾ ਵੀ ਮੌਜੂਦ ਸਨ। ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਵਾਸੀਆਂ ਨੂੰ ਐਲ.ਪੀ.ਜੀ. ਗੈਸ ਸਿਲੰਡਰ ਦੇ ਲਈ ਕੋਈ

ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਐਲ.ਪੀ.ਜੀ. ਸਿਲੰਡਰਾਂ ਦੀ ਜਮਾਂਖੋਰੀ, ਗ਼ੈਰਕਾਨੂੰਨੀ ਵਰਤੋਂ ਤੇ ਕਾਲਾਬਜ਼ਾਰੀ ਰੋਕਣ ਲਈ ਸਬੰਧਤ ਅਧਿਕਾਰੀਆਂ ਵੱਖ-ਵੱਖ ਥਾਵਾਂ 'ਤੇ ਚੈਕਿੰਗ ਕਰਨ ਲਈ ਪਹਿਲਾਂ ਤੋਂ ਹੀ ਨਿਰਦੇਸ਼ ਦਿੱਤੇ ਜਾ ਚੁੱਕੇ ਹਨ। ਉਨ੍ਹਾਂ ਸਟਾਕ ਸਥਿਤੀਆਂ ਦੀ ਜਾਂਚ ਕਰਨ ਸਮੇਤ ਖਪਤਕਾਰਾਂ ਨੂੰ ਐਲ.ਪੀ.ਜੀ. ਸਿਲੰਡਰਾਂ ਦੀ ਸੁਚਾਰੂ ਸਪਲਾਈ ਯਕੀਨੀ ਬਣਾਉਣ ਲਈ ਸਖਤੀ ਨਾਲ ਕਿਹਾ। ਉਨ੍ਹਾਂ ਵਸਨੀਕਾਂ ਨੂੰ ਅਫਵਾਹਾਂ ਦੇ ਆਧਾਰ 'ਤੇ ਘਬਰਾਉਣ ਜਾਂ ਬੇਲੋੜੀ ਘਬਰਾਹਟ ਬੁਕਿੰਗ ਜਾਂ ਜਮ੍ਹਾਂਖੋਰੀ ਵਿੱਚ ਸ਼ਾਮਲ ਨਾ ਹੋਣ ਦੀ ਅਪੀਲ ਕੀਤੀ। ਉਨ੍ਹਾਂ ਚੇਤਾਵਨੀ ਦਿੱਤੀ ਕਿ ਘਰੇਲੂ ਐਲ.ਪੀ.ਜੀ. ਸਿਲੰਡਰਾਂ ਦੀ ਕਾਲਾਬਜ਼ਾਰੀ ਜਾਂ ਗ਼ੈਰਕਾਨੂੰਨੀ ਵਰਤੋਂ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਸੁਖਬੀਰ ਸਿੰਘ ਬਾਦਲ ਨੇ ਸੁਖਚੈਨ ਸਿੰਘ ਰਾਮੂਵਾਲੀਆ ਨੂੰ ਬੀ.ਸੀ. ਵਿੰਗ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ

ਮੋਗਾ, 20 ਮਾਰਚ (ਨਿਸ਼ੀ ਮਨਚੰਦਾ/ ਗੁਰਦੇਵ ਖੁਰਾਣਾ): ਸ਼੍ਰੋਮਣੀ ਅਕਾਲੀ ਦਲ ਦੇ ਸੁਪਰੀਮੋ ਪਾਰਟੀ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਬੀ.ਸੀ. ਵਿੰਗ ਦੇ ਕੌਮੀ ਪ੍ਰਧਾਨ ਜਥੇਦਾਰ ਹੀਰਾ ਸਿੰਘ ਗਾਬੜੀਆ ਦੇ ਹੁਕਮਾਂ ਅਨੁਸਾਰ ਤੇ ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਤਲਵੰਡੀ ਭੰਗੇਰੀਆਂ ਤੇ ਹਲਕਾ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਪਾਰਟੀ ਪ੍ਰਤੀ ਨਿਭਾਈਆਂ ਸੇਵਾਵਾਂ ਬਦਲੇ ਸੀ.ਆਗੂ ਸੁਖਚੈਨ ਸਿੰਘ ਰਾਮੂਵਾਲੀਆ ਨੂੰ ਬੀ.ਸੀ.ਵਿੰਗ ਦਾ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਨਿਯੁਕਤ ਕੀਤਾ ਗਿਆ ਹੈ। ਨੌਜਵਾਨ ਆਗੂ ਸੁਖਚੈਨ ਸਿੰਘ ਰਾਮੂਵਾਲੀਆ ਪਾਰਟੀ ਦੇ ਵੱਖ-ਵੱਖ ਜ਼ਿੰਮੇਵਾਰ ਅਹੁਦਿਆਂ 'ਤੇ ਕੰਮ ਕਰ ਚੁੱਕੇ ਹਨ। ਸ਼ਹਿਰ ਵਿੱਚ ਚੰਗਾ ਰਸੂਖ ਹੋਣ ਕਾਰਨ ਉਨ੍ਹਾਂ ਨੂੰ ਪਾਰਟੀ ਨੇ ਬੀ.ਸੀ.ਵਿੰਗ ਦਾ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਨਿਯੁਕਤ ਕੀਤਾ ਹੈ। ਉਨ੍ਹਾਂ ਦੀ ਨਿਯੁਕਤੀ ਨਾਲ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਰਾਮੂਵਾਲੀਆ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬੀ.ਸੀ.ਵਿੰਗ ਦੇ ਕੌਮੀ ਪ੍ਰਧਾਨ ਜਥੇਦਾਰ ਹੀਰਾ ਸਿੰਘ ਗਾਬੜੀਆ, ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਤਲਵੰਡੀ

ਭੰਗੇਰੀਆਂ ਤੇ ਹਲਕਾ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਜੋ ਵੀ ਮਾਣ ਤੇ ਡਿਊਟੀ ਬਖਸ਼ੀ ਹੈ, ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦੀ ਹਰ ਸੰਭਵ ਕੋਸ਼ਿਸ਼ ਕਰਨਗੇ ਤੇ ਪਾਰਟੀ ਦੀਆਂ ਲੋਕ ਹਿੱਤੂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਦਿਨ-ਰਾਤ ਮਿਹਨਤ ਕਰਨਗੇ। ਲੋਕਾਂ ਦੀ ਮੁਸ਼ਕਿਲਾਂ ਨੂੰ ਹੱਲ ਕਰਨਾ ਮੇਰੀ ਪਹਿਲ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਪਾਰਟੀ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਤੇ ਪਾਰਟੀ ਦੇ ਹਰ ਵਰਕਰ ਨੂੰ ਬਣਦਾ ਮਾਣ ਦਿੱਤਾ ਜਾਵੇਗਾ, ਜਲਦੀ ਹੀ ਪਾਰਟੀ ਦੀ ਹਾਈਕਮਾਂਡ ਨਾਲ ਤਾਲਮੇਲ ਕਰਕੇ ਜ਼ਿਲ੍ਹਾ ਪੱਧਰੀ ਜਥੇਬੰਦੀ ਦਾ ਵਿਸਥਾਰ ਕੀਤਾ ਜਾਵੇਗਾ ਤਾਂ ਜੋ ਸ਼੍ਰੋਮਣੀ ਅਕਾਲੀ ਦਲ ਹੋਰ ਮਜ਼ਬੂਤ ਹੋ ਸਕ। ਉਨ੍ਹਾਂ ਨੇ ਖਾਸ ਕਰਕੇ ਨੌਜਵਾਨ ਵਰਗ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਵਪਾਰ ਨੂੰ ਪ੍ਰਫੁੱਲਿਤ ਕਰਨਾ ਹੈ, ਕਿਸਾਨੀ ਨੂੰ ਬਚਾਉਣ ਹੈ ਤੇ ਪੰਜਾਬ ਨੂੰ ਖੁਸ਼ਹਾਲ ਤੇ ਵਧੀਆ ਸੂਬਾ ਬਣਾਉਣਾ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਪਲੇਟਫਾਰਮ 'ਤੇ ਆਉਣਾ ਜ਼ਰੂਰੀ ਹੈ।

ਦੇਸ਼ ਭਗਤ ਗਲੋਬਲ ਸਕੂਲ 'ਚ ਉਤਸ਼ਾਹ ਨਾਲ ਗ੍ਰੈਜੂਏਸ਼ਨ ਡੇਅ ਮਨਾਇਆ

ਮੰਡੀ ਗੋਬਿੰਦਗੜ੍ਹ, 20 ਮਾਰਚ (ਅੰਮ੍ਰਿਤਪਾਲ ਸਿੰਘ): ਦੇਸ਼ ਭਗਤ ਗਲੋਬਲ ਸਕੂਲ (ਡੀਬੀਜੀਐਸ) ਦੇ ਪ੍ਰਾਇਮਰੀ ਵਿੰਗ ਵੱਲੋਂ ਕਿੰਡਰਗਾਰਟਨ ਦੇ ਵਿਦਿਆਰਥੀਆਂ ਦਾ ਗ੍ਰੈਜੂਏਸ਼ਨ ਡੇਅ ਬਹੁਤ ਉਤਸ਼ਾਹ ਤੇ ਖੁਸ਼ੀ ਨਾਲ ਮਨਾਇਆ ਗਿਆ, ਜੋ ਨੰਨ੍ਹੇ ਵਿਦਿਆਰਥੀਆਂ ਦੀ ਸਿੱਖਿਆ ਯਾਤਰਾ ਦਾ ਇੱਕ ਮਹੱਤਵਪੂਰਨ ਮੀਲ ਪੱਥਰ ਹੈ।ਸਮਾਗਮ ਦੀ ਸ਼ੁਰੂਆਤ ਸ਼ੁਭ ਦੀਪ ਜਗਾਉਣ ਦੀ ਰਸਮ ਨਾਲ ਹੋਈ, ਜੋ ਅਗਿਆਨਤਾ ਦੇ ਹਨ੍ਹੇਰੇ ਨੂੰ ਦੂਰ ਕਰਕੇ ਗਿਆਨ ਦੀ ਪ੍ਰਾਪਤੀ ਦਾ ਪ੍ਰਤੀਕ ਹੈ। ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਪੇਸ਼ ਕੀਤਾ ਗਿਆ ਸਵਾਗਤ ਨ੍ਰਿਤਯ ਆਪਣੀ ਰੰਗੀਨ ਤੇ ਜੀਵੰਤ ਪ੍ਰਸਤੁਤੀ ਨਾਲ ਦਰਸ਼ਕਾਂ ਨੂੰ ਮੋਹ ਲਿਆ ਤੇ ਸਮਾਗਮ ਵਿੱਚ ਖੁਸ਼ੀ ਭਰਿਆ ਮਾਹੌਲ ਪੈਦਾ ਕੀਤਾ। ਸਮਾਗਮ ਦਾ ਮੁੱਖ ਆਕਰਸ਼ਨ ਬਾਲਵਾਟਿਕਾ-III ਦੇ ਵਿਦਿਆਰਥੀਆਂ ਦਾ ਦੀਕਸ਼ਾਂਤ ਸਮਾਰੋਹ ਸੀ। ਗ੍ਰੈਜੂਏਸ਼ਨ ਪਹਿਰਾਵੇ ਵਿੱਚ ਸਜੇ ਨੰਨ੍ਹੇ ਵਿਦਿਆਰਥੀ ਸਟੇਜ 'ਤੇ ਸ਼ਾਨ ਨਾਲ ਪਹੁੰਚੇ ਤੇ ਮਾਣ ਮਹਿਸੂਸ ਕਰਦੇ ਮਾਪਿਆਂ ਤੇ ਅਧਿਆਪਕਾਂ ਦੀਆਂ ਤਾਲੀਆਂ ਵਿੱਚ ਆਪਣੀਆਂ ਉਪਲਬਧੀਆਂ ਵਾਲੇ ਸਰਟੀਫਿਕੇਟ ਪ੍ਰਾਪਤ ਕੀਤੇ।ਇਸ ਵਿਸ਼ੇਸ਼ ਮੌਕੇ 'ਤੇ ਪ੍ਰਿੰਸੀਪਲ ਇੰਦੂ ਸ਼ਰਮਾ ਨੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ ਤੇ ਉਨ੍ਹਾਂ ਨੂੰ ਜਿਗਿਆਸੂ, ਆਤਮਵਿਸ਼ਵਾਸੀ ਤੇ ਜੀਵਨ ਭਰ ਸਿੱਖਣ ਲਈ ਪ੍ਰੇਰਿਤ ਕੀਤਾ। ਚੇਅਰਮੈਨ ਡਾ. ਜ਼ੋਰਾ ਸਿੰਘ ਤੇ ਜਨਰਲ ਸਕੱਤਰ ਡਾ. ਤਜਿੰਦਰ ਕੌਰ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਦਿਲੋਂ ਵਧਾਈ ਦਿੱਤੀ ਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਤੇ ਪ੍ਰਾਪਤੀਆਂ ਦੀ ਸਰਾਹਨਾ ਕੀਤੀ। ਸਮਾਗਮ ਦਾ ਸਮਾਪਨ ਖੁਸ਼ੀ ਦੇ ਮਾਹੌਲ ਵਿੱਚ ਹੋਇਆ, ਜਿਸ ਨੇ ਵਿਦਿਆਰਥੀਆਂ, ਮਾਪਿਆਂ ਤੇ ਸਟਾਫ ਲਈ ਅਭੁੱਲ ਯਾਦਾਂ ਛੱਡ ਦਿੱਤੀਆਂ। ਨੰਨ੍ਹੇ ਗ੍ਰੈਜੂਏਟ ਮੁਸਕਰਾਹਟਾਂ ਨਾਲ ਵੱਡੇ ਸੁਪਨੇ ਦੇਖਣ ਤੇ ਆਤਮਵਿਸ਼ਵਾਸ ਨਾਲ ਅੱਗੇ ਵਧਣ ਦਾ ਸੰਦੇਸ਼ ਲੈ ਕੇ ਰਵਾਨਾ ਹੋਏ।

ਜਤਿੰਦਰ ਸਿੰਘ ਲੱਧਾ ਮੁੰਡਾ ਬੀ.ਸੀ. ਵਿੰਗ ਦੇ ਕੌਮੀ ਜਨਰਲ ਸਕੱਤਰ ਨਿਯੁਕਤ

ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 20 ਮਾਰਚ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਵਿਧਾਨ ਸਭਾ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਸੀਨੀਅਰ ਆਗੂ ਤੇ ਬੀਸੀ ਵਿੰਗ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਜਤਿੰਦਰ ਸਿੰਘ ਲੱਧਾ ਮੁੰਡਾ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚ ਵਧੀਆ ਸੇਵਾਵਾਂ ਨਿਭਾਉਣ 'ਤੇ ਬੀਸੀ ਵਿੱਚ ਦੇ ਕੌਮੀ ਪ੍ਰਧਾਨ ਹੀਰਾ ਗਾਬੜੀਆ ਵੱਲੋਂ ਕੌਮੀ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਸੀ ਵਿੱਚ ਦੇ ਨਵ-ਨਿਯੁਕਤ ਜਨਰਲ ਸਕੱਤਰ ਜਤਿੰਦਰ ਸਿੰਘ ਲੱਧਾ ਮੁੰਡਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸੀਨੀਅਰ ਅਕਾਲੀ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ, ਬੀਸੀ ਵਿੰਗ ਦੇ ਕੌਮੀ ਪ੍ਰਧਾਨ ਹੀਰਾ ਸਿੰਘ ਗਾਬੜੀਆ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਇਮਾਨਦਾਰੀ ਤੇ ਲਗਨ ਨਾਲ ਨਿਭਾਉਣਗੇ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਲੋਕ ਪੱਖੀ ਨੀਤੀਆਂ ਨੂੰ ਉਹ ਲੋਕਾਂ ਤੱਕ ਪਹੁੰਚਾਉਣਗੇ। ਉਨ੍ਹਾਂ ਆਖਿਆ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਸ਼ਾਨਦਾਰ ਜਿੱਤ ਪ੍ਰਾਪਤ ਕਰੇਗਾ ਤੇ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੇਗੀ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਪੰਜਾਬ ਵਿੱਚ ਸਰਕਾਰ ਬਣਨ 'ਤੇ ਸੂਬੇ ਦੇ ਲੋਕਾਂ ਨੂੰ ਪਹਿਲਾਂ ਵਾਂਗ ਸੁੱਖ-ਸਹੂਲਤਾਂ ਮਿਲਣਗੀਆਂ। ਇਸ ਮੌਕੇ

ਸੀਨੀਅਰ ਅਕਾਲੀ ਆਗੂ ਸੁਲੱਖਣ ਸਿੰਘ ਬਾਠ ਘੁਮਾਣ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸਰਦੂਲ ਸਿੰਘ ਔਲਖ, ਸੀਨੀਅਰ ਆਗੂ ਸੂਬੇਦਾਰ ਗੁਰਨਾਮ ਸਿੰਘ ਮੰਡਿਆਲਾ, ਮੀਡੀਆ ਇੰਚਾਰਜ ਡਾ. ਜਸਬੀਰ ਸਿੰਘ ਸੱਲੋਚਾਹਲ, ਜ਼ਿਲ੍ਹਾ ਜਨਰਲ ਯੂਥ ਵਿੰਗ ਗੁਰਪ੍ਰੀਤ ਸਿੰਘ ਗੋਪੀ ਭੋਮਾ, ਸੀਨੀਅਰ ਆਗੂ ਹਰਜੀਤ ਸਿੰਘ ਪਰਮਾਰ, ਪ੍ਰਧਾਨ ਕੁਲਦੀਪ ਸਿੰਘ ਮੂੜ, ਸੀਨੀਅਰ ਆਗੂ ਹਰਪਾਲ ਸਿੰਘ ਆਦੋਵਾਲੀ, ਸਰਪੰਚ ਬਖਸ਼ੀਸ਼ ਸਿੰਘ ਲਾਧੂਭਾਣਾ, ਈਸ਼ਵਰ ਸਿੰਘ ਯਾਦਪੁਰ, ਸੀਨੀਅਰ ਆਗੂ ਪਰਮਿੰਦਰ ਸਿੰਘ, ਪ੍ਰਧਾਨ ਗੁਰਬਿੰਦਰ ਸਿੰਘ, ਕੈਪਟਨ ਕੁਲਵਿੰਦਰ ਸਿੰਘ ਊਧਨਵਾਲ, ਸਰਪੰਚ ਗੁਰਮੇਜ ਸਿੰਘ ਮੰਡਿਆਲਾ, ਪ੍ਰਧਾਨ ਪ੍ਰੇਮ ਸਿੰਘ ਜੈਤੋਸਰਜਾ, ਜਸਵੰਤ ਸਿੰਘ ਟਿੱਕਾ ਨਸੀਰਪੁਰ, ਸਾਬਕਾ ਸਰਪੰਚ ਹਰਜਿੰਦਰ ਸਿੰਘ ਦਕੋਹਾ, ਪ੍ਰਧਾਨ ਵਿਨੋਦ ਕੁਮਾਰ ਘੁਮਾਣ, ਤਕਦੀਰ ਸਿੰਘ ਸੁੱਖਾ ਚਿੜਾ ਵੱਲੋਂ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ ਤੇ ਨਵ-ਨਿਯੁਕਤ ਬੀਸੀ ਵਿੰਗ ਦੇ ਜਨਰਲ ਸਕੱਤਰ ਜਤਿੰਦਰ ਸਿੰਘ ਲੱਧਾ ਮੁੰਡਾ ਨੂੰ ਵਧਾਈ ਦਿੱਤੀ।

ਪਿੰਡ ਭਾਮੜੀ ਤੋਂ ਬਾਬਾ ਬਾਲਕ ਨਾਥ ਜੀ ਦੇ ਮੰਦਰ 'ਤੇ ਨਤਮਸਤਕ ਹੋਣ ਲਈ ਭਗਤਾਂ ਦਾ ਭਾਰੀ ਜਥਾ ਜੈਕਾਰਿਆਂ ਦੀ ਗੂੰਜ 'ਚ ਰਵਾਨਾ

ਹਰਚੋਵਾਲ/ਸ੍ਰੀ ਹਰਿਗੋਬਿੰਦਪੁਰ ਸਾਹਿਬ, 20 ਮਾਰਚ (ਡਾ. ਨਰਿੰਦਰ ਸਿੰਘ ਘੁਮਾਣ/ਸੁਖ ਅੰਮ੍ਰਿਤ ਘੁਮਾਣ): ਮੰਦਰ ਸਿੱਧ ਸ੍ਰੀ ਬਾਬਾ ਬਾਲਕ ਨਾਥ ਜੀ ਤਾਰੀ ਕੇਸ਼ਵਰ ਧਾਮ ਪਿੰਡ ਭਾਵਣੀ ਤੋਂ ਮਹੰਤ ਬਾਬਾ ਰਣਜੀਤ ਗਿਰੀ ਦੀ ਯਾਦ ਵਿੱਚ 44ਵੀਂ ਯਾਤਰਾ ਹਰ ਸਾਲ ਦੀ ਤਰ੍ਹਾਂ ਜੈਕਾਰਿਆਂ ਦੀ ਗੂੰਜ 'ਚ ਬਾਬਾ ਜੀ ਦੇ ਭਗਤਾਂ ਦਾ ਜੱਥਾ ਰਵਾਨਾ ਹੋਇਆ ਤੇ ਮੰਦਰ ਕਮੇਟੀ ਪ੍ਰਬੰਧਕਾਂ ਵੱਲੋਂ 7 ਮਾਰਚ ਤੋਂ ਲੰਗਰਾਂ ਤੇ ਚਾਹ-ਪਕੌੜਿਆਂ ਦੀ ਸੇਵਾ ਬਾਖੂਬੀ ਨਾਲ ਨਿਭਾਈ ਗਈ। ਇਸ ਯਾਤਰਾ ਨੂੰ ਰਵਾਨਾ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਮੈਂਬਰ ਬਲਾਕ ਸੰਮਤੀ ਡਾ. ਜਗੀਰ

ਸਲਾਣਾ 'ਚ ਤਿੰਨ ਰੋਜ਼ਾ ਸਾਲਾਨਾ ਗੁਰਮਤਿ ਸਮਾਗਮ 25 ਤੋਂ 27 ਤੱਕ

ਅਮਲੋਹ, 20 ਮਾਰਚ (ਜਸਵੰਤ ਸਿੰਘ): ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਹੇਠ ਸਿੰਘਾਂ ਸ਼ਹੀਦਾਂ ਦੀ ਮਿੱਠੀ ਯਾਦ ਨੂੰ ਸਮਰਪਿਤ ਤੇ ਸੰਤ ਬਾਬਾ ਫੈਜੂਲਾਪੁਰ ਵਾਲਿਆਂ ਦੀ ਯਾਦ ਵਿੱਚ ਸਾਲਾਨਾ ਗੁਰਮਤਿ ਸਮਾਗਮ 25 ਮਾਰਚ ਤੋਂ 27 ਮਾਰਚ ਤੱਕ ਗੁਰਦੁਆਰਾ ਸਾਹਿਬ ਰਵਿਦਾਸ ਨਗਰੀ ਪਿੰਡ ਸਲਾਣਾ ਵਿਖੇ ਕਰਵਾਇਆ ਜਾ ਰਿਹਾ ਹੈ। ਸੰਤ ਬਾਬਾ ਸੋਹਨ ਸਿੰਘ ਸਲਾਣਾ ਨੇ ਦੱਸਿਆ ਕਿ ਇਸ ਮੌਕੇ ਵੱਡੀ ਗਿਣਤੀ ਵਿੱਚ ਸੰਤ ਮਹਾਂਪੁਰਸ਼ ਸ਼ਾਮਲ ਹੋਣਗੇ ਤੇ ਰੋਜ਼ਾਨਾ ਸ਼ਾਮ 7 ਵਜੇ ਤੋਂ 10 ਵਜੇ ਤੱਕ ਗੁਰੂ ਇਤਿਹਾਸ ਬਾਰੇ ਚਾਨਣਾ ਪਾਉਣਗੇ। ਉਨ੍ਹਾਂ ਦੱਸਿਆ ਕਿ ਗੁਰੂ ਦਾ ਲੰਗਰ ਲੱਡੂ, ਜਲੇਬੀ ਤੇ ਪਕੌੜੇ ਆਦਿ ਦਾ ਅਤੁੱਟ ਵਰਤੇਗਾ ਜਿਸ ਵਿੱਚ ਵਿਸ਼ੇਸ਼ ਸਹਿਯੋਗ ਕਸ਼ਮੀਰਾ ਸਿੰਘ ਸਲਾਣਾ ਵੱਲੋਂ ਦਿੱਤਾ ਗਿਆ। ਉਨ੍ਹਾਂ ਸਮੂਹ ਸੰਗਤਾਂ ਨੂੰ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਸਮਾਗਮ ਵਿੱਚ ਸੰਤ ਬਾਬਾ ਚਰਨਜੀਤ ਸਿੰਘ ਭੇਡਵਾਲ ਵਾਲੇ, ਸੰਤ ਬਾਬਾ ਪਰਮਜੀਤ ਸਿੰਘ ਢਿੱਡਾ ਸਾਹਿਬ ਵਾਲੇ, ਸੰਤ ਬਾਬਾ ਸਵਰਨ ਸਿੰਘ ਸੇਦਖੇੜੀ ਵਾਲੇ, ਬਾਬਾ ਭੂਪਿੰਦਰ ਸਿੰਘ ਰਾਮਗੜ੍ਹ ਵਾਲੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ।

ਦੋ ਮਹੀਨੇ ਪਹਿਲਾਂ ਹੋਏ ਝਗੜੇ 'ਚ ਇਨਸਾਫ਼ ਨਾ ਮਿਲਣ 'ਤੇ ਚੁੱਕਿਆ ਖੌਫ਼ਨਾਕ ਕਦਮ

☛32 ਸਾਲਾ ਨੌਜਵਾਨ ਨੇ ਛੱਤ ਵਾਲੇ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕੀਤੀ

ਹੁਸ਼ਿਆਰਪੁਰ, 20 ਮਾਰਚ (ਚ.ਨ.ਸ): ਹੁਸ਼ਿਆਰਪੁਰ ਦੇ ਮੁਕੇਰੀਆਂ ਦੇ ਲਾਗਾਹਾਂ ਪਿੰਡ ਦੇ 32 ਸਾਲਾ ਨੌਜਵਾਨ ਸੁਨੀਲ ਕੁਮਾਰ ਨੇ ਬੀਤੀ ਰਾਤ ਛੱਤ ਵਾਲੇ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਸੁਨੀਲ ਆਪਣੀ ਵਿਧਵਾ ਮਾਂ ਦਾ ਇਕਲੌਤਾ ਪੁੱਤਰ ਸੀ। ਸੁਨੀਲ ਦੀ ਮਾਂ ਤੇ ਮਾਮੇ ਨੇ ਦੱਸਿਆ ਕਿ ਢਾਈ ਮਹੀਨੇ ਪਹਿਲਾਂ ਸੁਨੀਲ ਕਿਸੇ ਕੰਮ ਲਈ ਆਪਣੀ ਸਵਿਫਟ ਕਾਰ ਵਿੱਚ ਮੁਕੇਰੀਆਂ ਗਿਆ ਸੀ। ਮੁਕੇਰੀਆਂ ਪੁਲਿਸ ਸਟੇਸ਼ਨ ਤੋਂ ਸਿਰਫ਼ ਤਿੰਨ ਸੌ ਮੀਟਰ ਦੀ ਦੂਰੀ 'ਤੇ ਬੱਸ ਸਟੈਂਡ ਦੇ ਨੇੜੇ ਸੁਨੀਲ ਦਾ ਪਾਰਕਿੰਗ ਨੂੰ ਲੈ ਕੇ ਤਿੰਨ ਨੌਜਵਾਨਾਂ ਨਾਲ ਝਗੜਾ ਹੋ ਗਿਆ। ਬਹਿਸ ਵੱਧ ਗਈ ਤੇ ਨੌਜਵਾਨਾਂ ਨੇ ਸੁਨੀਲ 'ਤੇ ਬੇਸਬਾਲ ਬੈਟ ਨਾਲ ਹਮਲਾ ਕਰ ਦਿੱਤਾ, ਜਿਸ ਨਾਲ ਉਹ ਗੰਭੀਰ ਜ਼ਖਮੀ ਹੋ ਗਿਆ। ਸੁਨੀਲ ਦੇ ਸਿਰ ਤੇ ਅੱਖ ਵਿੱਚ ਗੰਭੀਰ ਸੱਟਾਂ ਲੱਗੀਆਂ ਤੇ ਡਾਕਟਰਾਂ ਨੇ ਉਸਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ। ਪਰਿਵਾਰ ਦਾ ਕਹਿਣਾ ਹੈ ਕਿ ਉਦੋਂ ਤੋਂ ਸੁਨੀਲ ਇਨਸਾਫ਼ ਲਈ ਮੁਕੇਰੀਆਂ ਪੁਲਿਸ ਸਟੇਸ਼ਨ ਦੇ ਅਕਸਰ ਦੌਰੇ ਕਰ ਰਿਹਾ ਹੈ।ਪਰਿਵਾਰ ਦਾ ਕਹਿਣਾ ਹੈ ਕਿ ਪੁਲਿਸ ਵੱਲੋਂ ਕੋਈ ਠੋਸ ਕਾਰਵਾਈ ਨਾ ਕੀਤੇ ਜਾਣ ਕਾਰਨ ਸੁਨੀਲ ਪ੍ਰੇਸ਼ਾਨ ਰਹਿਣ ਲੱਗ ਪਿਆ। ਦੂਜੇ ਪਾਸੇ ਨੌਜਵਾਨ ਹਮਲਾਵਰ ਸੁਨੀਲ ਨੂੰ ਲਗਾਤਾਰ ਅਸਤੀਫ਼ਾ ਦੇਣ ਦੀਆਂ ਧਮਕੀਆਂ ਦੇ ਰਹੇ ਸਨ। ਇਸ ਕਾਰਨ ਸੁਨੀਲ ਨੇ ਦੇਰ ਰਾਤ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਸੁਨੀਲ ਦੀ ਭੈਣ ਨੇ ਦੱਸਿਆ ਕਿ ਮੇਰਾ ਭਰਾ ਇੱਕ ਬਾਡੀ ਬਿਲਡਰ ਸੀ ਤੇ ਰੋਜ਼ਾਨਾ ਜਿੰਮ ਵਿੱਚ ਕਸਰਤ ਕਰਦਾ ਸੀ। ਸੁਨੀਲ ਦੀ ਪਹਿਲਾਂ ਕਦੇ ਕਿਸੇ ਨਾਲ ਲੜਾਈ ਨਹੀਂ ਹੋਈ ਸੀ। ਮੇਰੇ ਮਾਸੂਮ ਭਰਾ ਨੂੰ ਤਿੰਨ ਲੋਕਾਂ ਨੇ ਇਕੱਠੇ ਮਾਰ ਦਿੱਤਾ ਸੀ ਤੇ ਉਹ ਇਨਸਾਫ਼ ਲਈ ਥਾਣਿਆਂ ਵਿੱਚ ਭਟਕਦਾ ਰਿਹਾ। ਇਨਸਾਫ਼ ਨਾ ਮਿਲਣ ਨੂੰ ਦੇਖ ਕੇ ਮੇਰੇ ਭਰਾ ਨੇ ਇੰਨਾ ਵੱਡਾ ਕਦਮ ਚੁੱਕਿਆ ਹੈ। ਪਰਿਵਾਰ ਨੇ ਐਸਐਸਪੀ ਹੁਸ਼ਿਆਰਪੁਰ ਤੋਂ ਇਨਸਾਫ਼ ਦੀ ਮੰਗ ਕੀਤੀ ਹੈ।

ਪੰਜ ਤਖ਼ਤ ਰਾਈਡ ਸਿੱਖਿਆ ਲਈ ਯਾਤਰਾ ਦਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਮੈਨੇਜਮੈਂਟ ਵੱਲੋਂ ਸਵਾਗਤ

☛14 ਦਿਨਾਂ 'ਚ ਲਗਭਗ 6000 ਕਿਲੋਮੀਟਰ ਦਾ ਸਫ਼ਰ ਤੈਅ ਕੀਤਾ

ਸ੍ਰੀ ਅਨੰਦਪੁਰ ਸਾਹਿਬ, 20 ਮਾਰਚ (ਚ.ਨ.ਸ): ਪੰਜ ਤਖ਼ਤ ਰਾਈਡ ਸਿੱਖਿਆ ਲਈ ਯਾਤਰਾ ਅੱਜ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼ਾਨਦਾਰ ਢੰਗ ਨਾਲ ਪਹੁੰਚੀ, ਜਿੱਥੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਮੈਨੇਜਮੈਂਟ ਤੇ ਸੰਗਤ ਵੱਲੋਂ ਰਾਈਡਰਜ਼ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤ ਦੀ ਹਾਜ਼ਰੀ ਰਹੀ। ਇਸ ਸਬੰਧੀ ਸੰਸਥਾ ਦੇ ਸੀਨੀਅਰ ਆਗੂ ਅਮਰੀਕ ਸਿੰਘ ਨੇ ਦੱਸਿਆ ਕਿ ਇਹ ਵਿਲੱਖਣ ਤੇ ਪ੍ਰੇਰਣਾਦਾਇਕ ਮੁਹਿੰਮ 14 ਦਿਨਾਂ ਵਿੱਚ ਲਗਭਗ 6000 ਕਿਲੋਮੀਟਰ ਦਾ ਲੰਮਾ ਸਫਰ ਤੈਅ ਕਰਦਿਆਂ ਪੰਜ ਤਖ਼ਤਾਂ ਦੇ ਦਰਸ਼ਨ ਕਰ ਰਹੀ ਹੈ। ਇਹ ਯਾਤਰਾ ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਜਾਣ ਤੋਂ ਬਾਅਦ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਪੁੱਜੀ ਹੈ ਤੇ ਫਿਰ ਸਵੇਰੇ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੇਗੀ ਜਿੱਥੇ ਜਾ ਕੇ ਇਸ ਦੀ ਸਮਾਪਤੀ ਹੋਵੇਗੀ। ਉਨ੍ਹਾਂ ਦੱਸਿਆ ਕਿ ਗਲੋਬਲ ਸਿੱਖ ਰਾਈਡਰਜ਼ ਤੇ ਗਲੋਬਲ ਸਿੱਖਸ ਦੇ ਸਹਿਯੋਗ ਨਾਲ ਚੱਲ ਰਹੀ ਇਸ ਮੁਹਿੰਮ ਤਹਿਤ ਹੁਣ ਤੱਕ 300 ਤੋਂ ਵੱਧ ਬੱਚਿਆਂ ਦੀ ਪੜ੍ਹਾਈ ਦਾ ਖ਼ਰਚਾ ਉਠਾਇਆ ਜਾ ਚੁੱਕਾ ਹੈ। ਇਸ ਦੌਰਾਨ ਰਾਈਡਰਜ਼ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ 'ਤੇ ਮੱਥਾ ਟੇਕ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਤੇ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਮੁਹਿੰਮ ਦੀ ਸ਼ਲਾਘਾ ਕੀਤੀ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਐਡੀਸ਼ਨਲ ਮੈਨੇਜਰ ਹਰਦੇਵ ਸਿੰਘ, ਅਰੁਣਜੀਤ ਸਿੰਘ, ਹਰਦੇਵ ਸਿੰਘ, ਸਮੇਤ ਅਮਰੀਕ ਸਿੰਘ, ਸਦੀਪ ਸਿੰਘ, ਜਗਜੀਤ ਸਿੰਘ, ਹਰਵਿੰਦਰ ਸਿੰਘ, ਰਵਿੰਦਰ ਸਿੰਘ, ਕੁਲਜਿੰਦਰ ਸਿੰਘ, ਰਮਨਦੀਪ ਸਿੰਘ, ਹਰਜੋਤ ਸਿੰਘ ਤੇ ਦਮਨਜੋਤ ਸਿੰਘ ਹਾਜ਼ਰ ਸਨ।

ਦੇਸ਼ ਭਗਤ ਯੂਨੀਵਰਸਿਟੀ ਨੇ ਕਲੀਨੀਕਲ ਡਾਇਗਨੋਸਟਿਕਸ ਤੇ ਹੈਲਥਕੇਅਰ ਸਾਇੰਸਜ਼ 'ਤੇ ਵਿਸ਼ਵ ਕਾਂਗਰਸ ਕਰਵਾਈ

ਮੰਡੀ ਗੋਬਿੰਦਗੜ੍ਹ, 20 ਮਾਰਚ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਦੇ ਐਲਾਈਡ ਤੇ ਹੈਲਥਕੇਅਰ ਸਾਇੰਸਜ਼ ਫੈਕਲਟੀ ਵੱਲੋਂ ਮਾਈਕ੍ਰੋਬਾਇਓਲੋਜੀ ਸੁਸਾਇਟੀ ਆਫ ਇੰਡੀਆ ਦੀ ਸਰਪ੍ਰਸਤੀ ਤੇ ਦੇਹਰਾਦੂਨ ਸਥਿਤ ਸੈਂਟਰ ਫਾਰ ਰਿਸਰਚ ਐਂਡ ਇਨੋਵੇਟਿਵ ਸਾਇੰਟਿਫਿਕ ਸਟਡੀਜ਼ ਦੇ ਸਹਿਯੋਗ ਨਾਲ 'ਐਡਵਾਂਸਡ ਕਲੀਨੀਕਲ ਡਾਇਗਨੋਸਟਿਕਸ ਤੇ ਹੈਲਥਕੇਅਰ ਸਾਇੰਸਜ਼-2026' ਵਿਸ਼ੇ 'ਤੇ ਤਿੰਨ ਰੋਜ਼ਾ ਵਿਸ਼ਵ ਕਾਂਗਰਸ ਕਰਵਾਈ ਗਈ। ਇਸ ਦਾ ਉਦਘਾਟਨ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ.ਚਾਂਸਲਰ ਡਾ. ਤਜਿੰਦਰ ਕੌਰ ਤੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਕੀਤਾ। ਇਸ ਮੌਕੇ ਅੰਤਰਰਾਸ਼ਟਰੀ ਪੱਧਰ 'ਤੇ ਸਮਰੂਪ ਅਕਾਦਮਿਕ ਮੰਚ ਦੀ ਸ਼ੁਰੂਆਤ ਕੀਤੀ ਗਈ, ਜਿਸ ਦਾ ਉਦੇਸ਼ ਹੈਲਥਕੇਅਰ ਸਾਇੰਸਜ਼ ਵਿੱਚ ਨਵਚੇਤਨਾ ਤੇ ਅੰਤਰ-ਵਿਭਾਗੀ ਉਤਕ੍ਰਿਸ਼ਟਤਾ ਨੂੰ ਉਤਸ਼ਾਹਿਤ ਕਰਨਾ ਹੈ।ਸਮਾਗਮ ਵਿੱਚ ਮਾਲਿਕਿਊਲਰ ਡਾਇਗਨੋਸਟਿਕਸ ਵਿੱਚ ਅਗੇਤਰੀ ਹੱਥ-ਅਭਿਆਸ ਪ੍ਰਸ਼ਿਕਸ਼ਣ ਦੇ ਨਾਲ ਵਿਗਿਆਨਕ ਮੌਖਿਕ ਤੇ ਪੋਸਟਰ ਪ੍ਰਸਤੁਤੀਆਂ ਕਰਵਾਈਆਂ ਗਈਆਂ, ਜਿਸ ਨਾਲ ਵਿਦਿਆਰਥੀਆਂ ਨੂੰ ਰਿਸਰਚ ਵਿਧੀਆਂ ਬਾਰੇ ਖਾਸ ਅਨੁਭਵ ਪ੍ਰਾਪਤ ਹੋਇਆ। ਖਾਸ ਕਰਕੇ ਕਾਰਡੀਓਪਲਮੋਨਰੀ ਰੀਸਸਿਟੇਸ਼ਨ ਵਰਗੀਆਂ ਜੀਵਨ-ਬਚਾਉਂਦੀਆਂ ਕੁਸ਼ਲਤਾਵਾਂ ਦੀ ਸਿਖਲਾਈ, ਕੈਂਸਰ ਜਾਗਰੂਕਤਾ ਮੁਹਿੰਮਾਂ ਤੇ ਮਾਸਪੇਸ਼ੀ-ਹੱਡੀ ਸਬੰਧੀ ਬਿਮਾਰੀਆਂ ਤੋਂ ਬਚਾਅ ਲਈ ਐਰਗੋਨਾਮਿਕਸ ਤੇ ਸਹੀ ਸਰੀਰਕ 'ਤੇ ਆਧਾਰਿਤ ਵਰਕਸ਼ਾਪ 'ਤੇ ਜ਼ੋਰ ਦਿੱਤਾ ਗਿਆ। ਇਸ ਮੌਕੇ ਪ੍ਰਸਿੱਧ ਅਕਾਦਮਿਕ ਵਿਅਕਤੀਆਂ ਨੂੰ ਉਨ੍ਹਾਂ ਦੇ ਖੋਜ ਕੰਮ, ਸਿੱਖਿਅਕ ਉਪਲਬਧੀਆਂ ਤੇ ਪੇਸ਼ੇਵਰ ਯੋਗਦਾਨ ਬਦਲੇ ਸਨਮਾਨਤ ਕੀਤਾ ਗਿਆ। ਇਸ ਕਾਂਗਰਸ ਦੌਰਾਨ ਦੇਹਰਾਦੂਨ ਸਥਿਤ ਲੈਬਜ਼ ਨਾਲ ਸਮਝੌਤਾ ਪੱਤਰ 'ਤੇ ਦਸਤਖ਼ਤ ਵੀ ਕੀਤੇ ਗਏ। ਇਸ ਮੌਕੇ ਡਾ. ਨਰੋਤਮ ਸ਼ਰਮਾ, ਡਾ. ਅੰਕਿਤਾ, ਡਾ. ਹੀਨਾ ਰੁਹੇਲਾ ਤੇ ਵਿਪਿਨ ਨੌਟਿਆਲ ਆਦਿ ਮੌਜੂਦ ਸਨ।ਸਮਾਪਤੀ ਦੌਰਾਨ ਪ੍ਰੋ.ਚਾਂਸਲਰ ਡਾ ਤਜਿੰਦਰ ਕੌਰ ਤੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਹਾਜ਼ਰੀਨ ਤੇ ਜੇਤੂਆਂ ਨੂੰ ਮੈਡਲ ਤੇ ਸਰਟੀਫਿਕੇਟ ਦਿੱਤੇ। ਡਾ. ਆਰਤੀ ਠਾਕੁਰ ਨੇ ਧੰਨਵਾਦ ਕੀਤਾ।

ਦੁਨੀਆਂ ਦੀ ਗੈਸ ਸਪਲਾਈ ਖ਼ਤਰੇ 'ਚ.... ਸਾਊਥ ਪਾਰਸ 'ਤੇ ਹਮਲੇ ਨਾਲ ਆਲਮੀ ਆਰਥਿਕਤਾ 'ਤੇ ਵੱਡੇ ਸੰਕਟ ਦੇ ਬੱਦਲ

ਨਵੀਂ ਦਿੱਲੀ/ਤਹਿਰਾਨ, 20 ਮਾਰਚ (ਚ.ਨ.ਸ): ਪੱਛਮੀ ਏਸ਼ੀਆ ਵਿੱਚ ਚੱਲ ਰਿਹਾ ਟਕਰਾਅ ਹੁਣ ਇੱਕ ਅਜਿਹੇ ਖ਼ਤਰਨਾਕ ਮੋੜ 'ਤੇ ਪਹੁੰਚ ਗਿਆ ਹੈ, ਜਿਸ ਨੇ ਨਾ ਸਿਰਫ਼ ਖੇਤਰੀ ਸੁਰੱਖਿਆ ਸਗੋਂ ਪੂਰੀ ਦੁਨੀਆਂ ਦੀ ਊਰਜਾ ਸਪਲਾਈ ਤੇ ਆਰਥਿਕ ਸਥਿਰਤਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਜ਼ਰਾਈਲ ਵੱਲੋਂ ਈਰਾਨ ਦੇ ਸਭ ਤੋਂ ਵੱਡੇ ਤੇ ਮਹੱਤਵਪੂਰਨ ਗੈਸ ਭੰਡਾਰ ਸਾਊਥ ਪਾਰਸ ਨੂੰ ਨਿਸ਼ਾਨਾ ਬਣਾਏ ਜਾਣ ਤੋਂ ਬਾਅਦ ਵਿਸ਼ਵ ਭਰ ਦੇ ਊਰਜਾ ਬਾਜ਼ਾਰਾਂ ਵਿੱਚ ਹੜਕੰਪ ਮਚ ਗਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਹਮਲਾ ਇਸ ਸੰਘਰਸ਼ ਦਾ ਹੁਣ ਤੱਕ ਦਾ ਸਭ ਤੋਂ ਸੰਵੇਦਨਸ਼ੀਲ ਕਦਮ ਹੈ, ਕਿਉਂਕਿ ਪਹਿਲੀ ਵਾਰ ਸਿੱਧੇ ਤੌਰ 'ਤੇ ਕਿਸੇ ਵੱਡੇ ਊਰਜਾ ਉਤਪਾਦਨ ਕੇਂਦਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਫ਼ਾਰਸ ਦੀ ਖਾੜੀ ਵਿੱਚ ਸਥਿਤ ਸਾਊਥ ਪਾਰਸ ਗੈਸ ਫੀਲਡ ਦੁਨੀਆਂ ਦਾ ਸਭ ਤੋਂ ਵੱਡਾ ਕੁਦਰਤੀ ਗੈਸ ਭੰਡਾਰ ਮੰਨਿਆ ਜਾਂਦਾ ਹੈ, ਜੋ ਕਿ ਈਰਾਨ ਤੇ ਕਤਰ ਵਿਚਕਾਰ ਸਾਂਝਾ ਹੈ। ਲਗਭਗ 9700 ਵਰਗ ਕਿਲੋਮੀਟਰ ਵਿੱਚ ਫੈਲਿਆ ਇਹ ਖੇਤਰ ਈਰਾਨ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ। ਇਕੱਲੇ ਈਰਾਨ ਦੇ ਹਿੱਸੇ ਵਿੱਚ ਇਸ ਖੇਤਰ ਤੋਂ ਦੇਸ਼ ਦੀ ਕੁੱਲ ਗੈਸ ਉਤਪਾਦਨ ਦਾ ਲਗਭਗ 70 ਫੀਸਦੀ ਹਿੱਸਾ ਆਉਂਦਾ ਹੈ। ਇਹ ਗੈਸ ਨਾ ਸਿਰਫ਼ ਘਰੇਲੂ ਲੋੜਾਂ ਪੂਰੀਆਂ ਕਰਦੀ ਹੈ, ਸਗੋਂ ਉਦਯੋਗਿਕ ਉਤਪਾਦਨ ਤੇ ਬਿਜਲੀ ਸਪਲਾਈ ਦਾ ਵੀ ਮੁੱਖ ਸਰੋਤ ਹੈ। ਮਾਹਿਰਾਂ ਅਨੁਸਾਰ ਇਸ ਫੀਲਡ ਵਿੱਚ ਲਗਭਗ 51 ਟ੍ਰਿਲੀਅਨ ਕਿਊਬਿਕ ਮੀਟਰ ਗੈਸ ਮੌਜੂਦ ਹੈ। ਇਸ 'ਤੇ ਹੋਇਆ ਹਮਲਾ ਸਿੱਧੇ ਤੌਰ 'ਤੇ ਈਰਾਨ ਦੇ ਆਰਥਿਕ ਢਾਂਚੇ ਨੂੰ ਢਹਿ-ਢੇਰੀ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ।ਇਸ ਹਮਲੇ ਦੀ ਖ਼ਬਰ ਫੈਲਦਿਆਂ ਹੀ ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਤੇ ਗੈਸ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਦੇਖਣ ਨੂੰ ਮਿਲਿਆ ਹੈ। ਕੱਚੇ ਤੇਲ ਦੀਆਂ ਕੀਮਤਾਂ ਵਿੱਚ ਪੰਜ ਫੀਸਦੀ ਤੋਂ ਵੱਧ ਦੀ ਤੇਜ਼ੀ ਦਰਜ ਕੀਤੀ ਗਈ ਹੈ। ਊਰਜਾ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਪੱਛਮੀ ਏਸ਼ੀਆ ਵਿੱਚ ਊਰਜਾ ਕੇਂਦਰਾਂ ਨੂੰ ਨਿਸ਼ਾਨਾ ਬਣਾਉਣ ਦਾ ਇਹ ਸਿਲਸਿਲਾ ਜਾਰੀ ਰਿਹਾ ਤਾਂ ਵਿਸ਼ਵ ਪੱਧਰ 'ਤੇ ਗੈਸ ਤੇ ਤੇਲ ਦੀ ਕਿੱਲਤ ਪੈਦਾ ਹੋ ਸਕਦੀ ਹੈ, ਜਿਸ ਨਾਲ ਯੂਰਪ ਤੇ ਏਸ਼ੀਆ ਦੇ ਕਈ ਦੇਸ਼ਾਂ ਵਿੱਚ ਮਹਿੰਗਾਈ ਦਾ ਨਵਾਂ ਦੌਰ ਸ਼ੁਰੂ ਹੋ ਜਾਵੇਗਾ।

ਪਾਕਿ ਦੇ ਈਸਾਈ ਸਕੂਲ 'ਚ ਪੜ੍ਹਦੀ ਸਿੱਖ ਵਿਦਿਆਰਥਣ ਦੀ ਕੇਸਕੀ ਉਤਰਵਾਈ

☛ਮਸੀਹੀ ਪ੍ਰਾਰਥਨਾ ਨਾ ਕਰਨ 'ਤੇ ਅਧਿਆਪਕਾਵਾਂ ਨੇ ਢਿੱਡ 'ਚ ਮਾਰੇ ਰੁੱਡੇ

ਅੰਮ੍ਰਿਤਸਰ, 20 ਮਾਰਚ (ਚ.ਨ.ਸ): ਪਾਕਿਸਤਾਨ ਦੇ ਜ਼ਿਲ੍ਹਾ ਫੈਸਲਾਬਾਦ ਪੁਰਾਣਾ ਨਾਂਅ ਲਾਇਲਪੁਰ ਵਿਖੇ ਰਹਿੰਦੀ ਮਨਮੀਤ ਕੌਰ ਨੇ ਗੱਲਬਾਤ ਦੌਰਾਨ ਦਾਅਵਾ ਕੀਤਾ ਕਿ ਸ਼ਹਿਰ ਦੇ ਇਸਾਈ ਸਕੂਲ 'ਚ ਪੜ੍ਹਦੀ ਉਸ ਦੀ ਧੀ ਸਤਨਾਮ ਕੌਰ ਦੀ ਨਾ ਸਿਰਫ਼ ਸਕੂਲ ਪ੍ਰਬੰਧਕਾਂ ਦੁਆਰਾ ਕੇਸਕੀ ਉਤਰਵਾਈ ਗਈ, ਬਲਕਿ ਮਸੀਹੀ ਪ੍ਰਾਰਥਨਾ ਕਰਨ ਤੋਂ ਮਨਾ ਕਰਨ 'ਤੇ ਉਨ੍ਹਾਂ ਉਸ ਦੇ ਢਿੱਡ 'ਚ ਠੁੱਡੇ ਵੀ ਮਾਰੇ। ਉਸ ਨੇ ਦੱਸਿਆ ਕਿ ਉਸ ਦੀਆਂ ਚਾਰ ਧੀਆਂ, ਸਤਨਾਮ ਕੌਰ, ਅਸ਼ਮੀਤ ਕੌਰ, ਸੁਖਮਨੀ ਕੌਰ, ਸਿਮਰਨ ਕੌਰ ਤੇ ਇੱਕ ਪੁੱਤਰ ਜੁਝਾਰ ਸਿੰਘ ਹੈ। ਮਨਮੀਤ ਕੌਰ ਨੇ ਦਾਅਵਾ ਕੀਤਾ ਕਿ ਸਤਨਾਮ ਕੌਰ ਅਸਥਮਾ ਦੀ ਰੋਗੀ ਹੈ ਤੇ ਜਦੋਂ ਉਸ ਦੀ ਦੂਜੀ ਧੀ ਜ਼ਮੀਨ 'ਤੇ ਡਿੱਗੀ ਆਪਣੀ ਭੈਣ ਨੂੰ ਚੁੱਕਣ ਗਈ ਅਧਿਆਪਕਾਵਾਂ ਨੇ ਉਸ ਨੂੰ ਇਹ ਕਹਿ ਕੇ ਰੋਕ ਦਿੱਤਾ ਕਿ ਉਸ ਦੀ ਭੈਣ ਬੇਹੋਸ਼ ਹੋਣ ਤੇ ਦਰਦ ਨਾਲ ਤੜਫਣ ਦਾ ਡਰਾਮਾ ਕਰ ਰਹੀ ਹੈ। ਪੀੜਤ ਦੀ ਮਾਂ ਨੇ ਇਹ ਵੀ ਦੋਸ਼ ਲਗਾਇਆ ਕਿ ਉਸ ਵੱਲੋਂ ਆਪਣੀ ਧੀ ਨਾਲ ਸਕੂਲ 'ਚ ਹੋਈ ਬਦਸਲੂਕੀ ਨੂੰ ਲੈ ਕੇ ਸਕੂਲ ਪ੍ਰਬੰਧਕਾਂ ਖ਼ਿਲਾਫ਼ ਕਾਰਵਾਈ ਕਰਨ ਦੀ ਅਪੀਲ ਕੀਤੀ ਜਾਣ ਦੇ ਬਾਵਜੂਦ ਪਾਕਿ ਦੇ ਸਿੱਖ ਆਗੂਆਂ ਨੇ ਕੋਈ ਹਾਮੀ ਨਹੀਂ ਭਰੀ।

23 ਨੂੰ ਸਮਾਗਮ ਵਾਲ

ਮਾਝਾ-ਦੁਆਬਾ

ਆਸ ਪਾਸ

ਯੂ.ਕੇ. ਦੇ ਐਮਪੀ ਬੀਬੀ ਪ੍ਰੀਤ ਕੌਰ ਗਿੱਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ

ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਐਡਵੋਕੇਟ ਧਾਮੀ ਨੇ ਕੀਤਾ ਸਨਮਾਨਿਤ

ਅੰਮ੍ਰਿਤਸਰ, 20 ਮਾਰਚ (ਗੁਰਦਿਆਲ ਸਿੰਘ) : ਯੂ.ਕੇ. ਬਰਮਿੰਗਮ ਦੇ ਐਜਬੈਸਟਨ ਤੋਂ ਐਮਪੀ ਬੀਬੀ ਪ੍ਰੀਤ ਕੌਰ ਗਿੱਲ ਨੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਨਤਮਸਤਕ ਹੋਣ ਉਪਰੰਤ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵੀ ਪੁੱਜੇ, ਜਿਥੇ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੀਬੀ ਪ੍ਰੀਤ ਕੌਰ ਗਿੱਲ ਨੂੰ ਜੀ-ਆਇਆਂ ਆਖਿਆ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਬਖ਼ਸ਼ਿਸ਼ ਸਿਰੋਪਾਓ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਬੀਬੀ ਪ੍ਰੀਤ ਕੌਰ ਗਿੱਲ ਨੇ ਸ਼੍ਰੋਮਣੀ ਕਮੇਟੀ ਵੱਲੋਂ ਮਿਲੇ ਸਨਮਾਨ ਲਈ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਆਪਣੇ ਆਪ ਨੂੰ ਵਡਭਾਗਾ ਸਮਝਦੇ ਹਨ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਾਨਵਤਾ ਲਈ ਰਾਹ-ਦਸੇਰਾ ਹੈ। ਐਮਪੀ ਬਣਨ ਮਗਰੋਂ ਉਹ ਗੁਰੂ ਸਾਹਿਬ ਦਾ ਸ਼ੁਕਰਾਨਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕਰਨ ਆਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਕਿ ਵਿਸ਼ਵ ਅੰਦਰ ਬਣੇ ਮੌਜੂਦਾ ਜੰਗ ਦੇ ਹਾਲਾਤ ਸੁਖਾਵੇਂ ਹੋਣ ਅਤੇ ਸਮੁੱਚਾ ਵਿਸ਼ਵ ਸ਼ਾਂਤੀ ਨਾਲ ਵਧੇ ਫੁੱਲੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਦਲਜੀਤ ਸਿੰਘ ਭਿੰਡਰ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਅਜਮੇਰ ਸਿੰਘ ਖੇੜਾ, ਸ. ਪ੍ਰਿਤਪਾਲ ਸਿੰਘ ਪਾਲੀ, ਭਾਈ ਅਜੈਬ ਸਿੰਘ ਅਭਿਆਸੀ, ਬੀਬੀ ਪਰਮਜੀਤ ਕੌਰ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ ਤੇ ਹੋਰ ਮੌਜੂਦ ਸਨ।

ਬੇਅਦਬੀ ਮਾਮਲਿਆਂ ਨੂੰ ਲੈ ਕੇ ਸਰਕਾਰ ਸੰਜੀਦਾ ਹੋਵੇ : ਐਡਵੋਕੇਟ ਧਾਮੀ

ਅੰਮ੍ਰਿਤਸਰ, 20 ਮਾਰਚ (ਗੁਰਦਿਆਲ ਸਿੰਘ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ 'ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025' ਸਬੰਧੀ ਸ਼੍ਰੋਮਣੀ ਕਮੇਟੀ ਦੁਆਰਾ ਪੰਜਾਬ ਸਰਕਾਰ ਤੋਂ ਮੰਗੀਆਂ ਜਾਣਕਾਰੀਆਂ ਮੁਹੱਈਆ ਨਾ ਕਰਵਾਉਣ 'ਤੇ ਸਵਾਲ ਚੁੱਕੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਵੇਂ ਹਰ ਧਰਮ ਦੇ ਧਾਰਮਿਕ ਗ੍ਰੰਥ ਸਤਿਕਾਰਯੋਗ ਹਨ, ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਜਾਗਤ ਜੋਤਿ ਗੁਰੂ ਹਨ। ਗੁਰਬਾਣੀ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਬੰਧੀ ਵਿਸ਼ੇਸ਼ ਕਾਨੂੰਨੀ ਪ੍ਰਬੰਧ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਕਾਨੂੰਨ ਤਹਿਤ ਚੱਲ ਰਹੇ ਬੇਅਦਬੀ ਦੇ ਕੇਸਾਂ ਵਿਚ ਵੀ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਯਕੀਨੀ ਹੋਣੀਆਂ ਚਾਹੀਦੀਆਂ ਹਨ, ਨਾ ਕਿ ਇਹ ਕੇਵਲ ਸਿਆਸੀ ਮੁੱਦਾ ਬਣ ਕੇ ਰਹੇ।

ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਵੱਲੋਂ 'ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025' ਲਿਆਂਦਾ ਗਿਆ, ਪਰੰਤੂ ਸਰਕਾਰ ਦੀ ਇਸ ਸਬੰਧੀ ਹੁਣ ਤਕ ਦੀ ਪਹੁੰਚ ਨਿਰਾਸ਼ਾਜਨਕ ਹੀ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਗਠਿਤ ਸਿਲੈਕਟ ਕਮੇਟੀ ਨੇ ਸ਼੍ਰੋਮਣੀ ਕਮੇਟੀ ਪਾਸੋਂ ਇਸ ਬਿੱਲ ਸਬੰਧੀ ਸੁਝਾਅ ਮੰਗੇ ਸਨ, ਜਿਸ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ 15 ਮੈਂਬਰੀ ਉੱਚ ਪੱਧਰੀ ਕਮੇਟੀ ਗਠਿਤ ਕੀਤੀ ਸੀ। ਉਨ੍ਹਾਂ ਦੱਸਿਆ ਕਿ ਇਸ ਕਮੇਟੀ ਦੀਆਂ ਸਮੇਂ-ਸਮੇਂ 'ਤੇ ਹੋਈਆਂ ਮੀਟਿੰਗਾਂ ਦੌਰਾਨ ਗੰਭੀਰ ਵਿਚਾਰ-ਵਟਾਂਦਰੇ ਤੋਂ ਬਾਅਦ ਸਿਲੈਕਟ ਕਮੇਟੀ ਤੋਂ ਕੁਝ ਜ਼ਰੂਰੀ ਜਾਣਕਾਰੀਆਂ ਦੀ ਮੰਗ ਕੀਤੀ ਸੀ, ਜਿਸ ਪ੍ਰਤੀ ਸਰਕਾਰ ਦੀ ਸਿਲੈਕਟ ਕਮੇਟੀ ਨੇ ਅਜੇ ਤੱਕ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਭਰਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਆਪਣੇ ਸੁਝਾਅ ਅਤੇ ਰਾਏ ਰਿਪੋਰਟ ਜ਼ਰੂਰੀ ਜਾਣਕਾਰੀਆਂ ਮਿਲਣ ਬਾਅਦ ਹੀ ਦੇ ਸਕਦੀ ਹੈ, ਲੇਕਿਨ ਸਰਕਾਰ ਇਸ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲੈ ਰਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪਵਿੱਤਰ ਧਾਰਮਿਕ ਗ੍ਰੰਥਾਂ ਵਿੱਚੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਅਤੇ ਵਡਿਆਈ ਜਾਗਤ ਜੋਤ ਅਤੇ ਹਾਜ਼ਰ ਨਾਜ਼ਰ ਸਤਿਗੁਰੂ ਵਜੋਂ ਹੈ, ਜਿਸ ਲਈ ਉਕਤ ਬਿੱਲ ਸਬੰਧੀ ਇਹ ਪੱਖ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

29 ਅਪ੍ਰੈਲ ਤੋਂ 1 ਮਈ ਤੱਕ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਣਗੇ ਸ਼ਤਾਬਦੀ ਸਬੰਧੀ ਸਮਾਗਮ

ਅੰਮ੍ਰਿਤਸਰ, 20 ਮਾਰਚ (ਗੁਰਦਿਆਲ ਸਿੰਘ) : ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਵਸਾਏ ਸ੍ਰੀ ਕੀਰਤਪੁਰ ਸਾਹਿਬ ਦਾ 400 ਸਾਲਾ ਸਥਾਪਨਾ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਪ੍ਰੰਪਰਾਵਾਂ ਅਤੇ ਖ਼ਾਲਸਈ ਜਾਹੋ-ਜਲਾਲ ਨਾਲ ਮਨਾਇਆ ਜਾਵੇਗਾ। ਇਸ ਸਬੰਧੀ 29, 30 ਅਪ੍ਰੈਲ ਅਤੇ 1 ਮਈ 2026 ਨੂੰ ਗੁਰਦੁਆਰਾ ਸ੍ਰੀ ਕੀਰਤਪੁਰ ਸਾਹਿਬ ਵਿਖੇ ਵਿਸ਼ਾਲ ਪੱਧਰ 'ਤੇ ਗੁਰਮਤਿ ਸਮਾਗਮ ਹੋਣਗੇ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਅੱਜ ਸ੍ਰੀ ਕੀਰਤਪੁਰ ਸਾਹਿਬ ਦੇ 400 ਸਾਲਾ ਸਥਾਪਨਾ ਦਿਵਸ ਸਮਾਗਮਾਂ ਸਬੰਧੀ ਸਬ-ਕਮੇਟੀ ਦੀ ਇਕੱਤਰਤਾ ਹੋਈ, ਜਿਸ ਵਿਚ ਸ਼ਤਾਬਦੀ ਸਬੰਧੀ ਕੀਤੇ ਜਾਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਉਲੀਕੀ ਗਈ।

ਇਕੱਤਰਤਾ 'ਚ ਅੰਤ੍ਰਿੰਗ ਕਮੇਟੀ ਮੈਂਬਰ ਸ. ਦਲਜੀਤ ਸਿੰਘ ਭਿੰਡਰ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਸੁਰਜੀਤ ਸਿੰਘ ਭਿੱਟੇਵੱਡ, ਭਾਈ ਗੁਰਬਖ਼ਸ਼ ਸਿੰਘ ਖਾਲਸਾ, ਸ. ਅਜਮੇਰ ਸਿੰਘ ਖੇੜਾ, ਸ. ਪ੍ਰਿਤਪਾਲ ਸਿੰਘ ਪਾਲੀ, ਸ. ਸੁਖਵਰਸ਼ ਸਿੰਘ ਪੰਨੂ, ਭਾਈ ਅਜੈਬ ਸਿੰਘ ਅਭਿਆਸੀ, ਸ. ਗੁਰਿੰਦਰਪਾਲ ਸਿੰਘ ਗੋਰਾ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਬਿਜੈ ਸਿੰਘ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ. ਹਰਭਜਨ ਸਿੰਘ ਵਕਤਾ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸ. ਮਲਕੀਤ ਸਿੰਘ, ਵਧੀਕ ਮੈਨੇਜਰ ਸ. ਹਰਦੇਵ ਸਿੰਘ, ਇੰਚਾਰਜ ਸ. ਰਾਜਵਿੰਦਰ ਸਿੰਘ ਜੋਗਾ ਆਦਿ ਮੌਜੂਦ ਸਨ।

ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੀ ਦਰਸ਼ਨੀ ਡਿਊੜੀ ਦੇ ਬਾਹਰ ਸੇਵਾ ਹੋਈ ਆਰੰਭ

ਤਰਨ ਤਾਰਨ ਸਾਹਿਬ/ਅੰਮ੍ਰਿਤਸਰ, 20 ਮਾਰਚ (ਗੁਰਦਿਆਲ ਸਿੰਘ) : ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੀ ਦਰਸ਼ਨੀ ਡਿਊੜੀ ਦੇ ਬਾਹਰ ਸੰਗਤਾਂ ਦੀ ਸਹੂਲਤ ਲਈ ਮੋਟਰਸਾਈਕਲ ਤੇ ਸਕੂਟਰ ਸਟੈਂਡ, ਜੋੜਾ ਘਰ, ਗਠੜੀ ਘਰ ਅਤੇ ਸੰਗਤਾਂ ਲਈ ਵਾਸ਼ਰੂਮ ਬਨਾਉਣ ਲਈ ਕਾਰ ਸੇਵਾ ਦੀ ਅੱਜ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਬਾਬਾ ਜਗਤਾਰ ਸਿੰਘ, ਬਾਬਾ ਮਹਿੰਦਰ ਸਿੰਘ ਕਾਰ ਸੇਵਾ ਤਰਨ ਤਾਰਨ ਵਾਲਿਆਂ ਵਲੋਂ ਪ੍ਰਮੁੱਖ ਸ਼ਖੀਅਤਾਂ ਅਤੇ ਸੰਗਤਾਂ ਦੀ ਹਾਜ਼ਰੀ ਵਿੱਚ ਟੱਕ ਲਗਾ ਕੇ ਸ਼ੁਰੂਆਤ ਕੀਤੀ ਗਈ। ਇਸ ਤੋਂ ਪਹਿਲਾਂ ਦੀਵਾਨ ਹਾਲ ਵਿਖੇ ਗੁਰਬਾਣੀ ਕੀਰਤਨ ਮਗਰੋਂ ਕਾਰ ਸੇਵਾ ਦੀ ਆਰੰਭਤਾ ਦੀ ਅਰਦਾਸ ਹੋਈ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਸੰਗਤਾਂ ਦੀ ਮੰਗ ਅਨੁਸਾਰ ਗੁਰਦੁਆਰਾ ਸਾਹਿਬ ਦੀ ਦਰਸ਼ਨੀ ਡਿਊੜੀ ਦੇ ਬਾਹਰ ਬੇਸਮੈਂਟ ਵਿਚ ਮੋਟਰਸਾਈਕਲ ਤੇ ਸਕੂਟਰ ਸਟੈਂਡ ਤਿਆਰ ਕੀਤਾ ਜਾਵੇਗਾ। ਇਸ ਉਪਰ ਜੋੜਾ ਘਰ ਤੇ ਗੱਠੜੀ ਘਰ ਤਿਆਰ ਹੋਵੇਗਾ। ਇਸੇ ਤਰ੍ਹਾਂ ਸੰਗਤਾਂ ਦੀ ਸਹੂਲਤ ਲਈ ਵਾਸ਼ਰੂਮ ਵੀ ਤਿਆਰ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਾਰੇ ਕਾਰਜ ਦੀ ਸੇਵਾ ਬਾਬਾ ਜਗਤਾਰ ਸਿੰਘ ਬਾਬਾ ਮਹਿੰਦਰ ਸਿੰਘ ਕਾਰ ਸੇਵਾ ਤਰਨ ਤਾਰਨ ਸਾਹਿਬ ਵਾਲਿਆਂ ਨੂੰ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਬਾਬਾ ਜਗਤਾਰ ਸਿੰਘ ਤਰਨ ਤਾਰਨ ਵਾਲਿਆਂ ਵਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਕਈ ਹੋਰ ਗੁਰਦੁਆਰਾ ਸਾਹਿਬਾਨ ਅਤੇ ਅਸਥਾਨਾਂ ਦੀਆਂ ਸੇਵਾਵਾਂ ਸੰਗਤਾਂ ਦੇ ਸਹਿਯੋਗ ਨਾਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਕਾਰਜ 'ਤੇ ਵੀ ਕਰੀਬ 5 ਕਰੋੜ ਰੁਪਏ ਖ਼ਰਚ ਆਉਣ ਦਾ ਅਨੁਮਾਨ ਹੈ। ਉਨ੍ਹਾਂ ਸੰਗਤਾਂ ਨੂੰ ਗੁਰੂ ਘਰ ਦੀਆਂ ਇਨ੍ਹਾਂ ਸੇਵਾਵਾਂ ਵਿਚ ਸਹਿਯੋਗ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਸ. ਅਲਵਿੰਦਰਪਾਲ ਸਿੰਘ ਪੱਖੋਕੇ, ਮੈਂਬਰ ਸ. ਗੁਰਬਚਨ ਸਿੰਘ ਕਰਮੂੰਵਾਲਾ, ਸ. ਗੁਰਬਖਸ਼ ਸਿੰਘ ਖਾਲਸਾ, ਸ. ਅਮਰਜੀਤ ਸਿੰਘ ਭਲਾਈਪੁਰ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਐਕਸੀਅਨ ਸ. ਸੁਖਜਿੰਦਰ ਸਿੰਘ, ਬਾਬਾ ਕਾਰਜ ਸਿੰਘ, ਬਾਬਾ ਅਵਤਾਰ ਸਿੰਘ ਭੈਲ, ਬਾਬਾ ਰਣਜੀਤ ਸਿੰਘ, ਬਾਬਾ ਅਵਤਾਰ ਸਿੰਘ, ਮੈਨੇਜਰ ਸ. ਹਰਜਿੰਦਰ ਸਿੰਘ ਪੱਟੀ, ਸ. ਭਗਵੰਤ ਸਿੰਘ, ਸ. ਅੰਗਰੇਜ਼ ਸਿੰਘ ਆਦਿ ਹਾਜ਼ਰ ਸਨ।

ਬਲਾਕ ਚੋਗਾਵਾਂ ਅਧੀਨ ਆਉਂਦੇ ਪਿੰਡਾਂ ਨੂੰ ਹਲਕਾ ਇੰਚਾਰਜ ਸੋਨੀਆ ਮਾਨ ਦੀ ਅਗਵਾਈ ਹੇਠ ਵਿਕਾਸ ਪੱਖੋਂ ਬੁਲੰਦੀਆਂ 'ਤੇ ਪਹੁੰਚਾਇਆ ਜਾਵੇਗਾ : ਲਖਵਿੰਦਰ ਸਿੰਘ ਲੱਖਾ

ਚੋਗਾਵਾਂ, 20 ਮਾਰਚ (ਸੁਬੇਗ ਸਿੰਘ ਸੋਨਾ) ਬੀਤੇ ਦਿਨੀ ਵਿਧਾਨ ਸਭਾ ਹਲਕਾ ਰਾਜਾਸਾਂਸੀ ਅਧੀਨ ਆਉਂਦੇ ਸਰਹੱਦੀ ਪਿੰਡ ਭਿੰਡੀ ਸੈਦਾਂ ਵਿਖੇ ਆਮ ਆਦਮੀ ਪਾਰਟੀ ਦੇ ਸੀਨੀਅਰ ਤੇ ਜੁਝਾਰੂ ਆਗੂ ਲੱਖਵਿੰਦਰ ਸਿੰਘ ਲੱਖਾ ਭਿੰਡੀ ਸੈਦਾਂ ਵੱਲੋਂ @ਆਪ@ ਵਿੱਚ ਨਿਭਾਈਆਂ ਸੇਵਾਵਾਂ ਕਰਕੇ ਉਹਨਾਂ ਦੀ ਮਾਤਾ ਭਜਨ ਕੌਰ ਨੂੰ ਪਾਰਟੀ ਹਾਈ ਕਮਾਂਡ ਵੱਲੋਂ ਬਲਾਕ ਸੰਮਤੀ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ। ਇਸ ਮੌਕੇ ਤੇ ਲੱਖਵਿੰਦਰ ਸਿੰਘ ਲੱਖਾ ਭਿੰਡੀ ਸੈਦਾਂ ਨੇ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਹਲਕਾ ਇੰਚਾਰਜ ਮੈਡਮ ਸੋਨੀਆ ਮਾਨ ਸਮੇਤ ਸਮੁੱਚੀ ਹਾਈ ਕਮਾਂਡ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਜੋ ਬਲਾਕ ਸੰਮਤੀ ਚੇਅਰਮੈਨ ਦਾ ਅਹੁਦਾ ਦੇ ਕੇ ਨਿਵਾਜਿਆ ਹੈ। ਉਸ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਪਿੰਡਾਂ ਦੇ ਵਿਕਾਸ ਕਾਰਜਾਂ ਲਈ ਤਤਪਰ ਰਹਾਂਗੇ। ਹਲਕਾ ਰਾਜਾਸਾਂਸੀ ਨੂੰ ਹਲਕਾ ਇੰਚਾਰਜ ਮੈਡਮ ਸੋਨੀਆ ਮਾਨ ਦੀ ਅਗਵਾਈ ਗਵਾਹੀ ਹੇਠ ਵਿਕਾਸ ਪੱਖੋਂ ਬੁਲੰਦੀਆਂ ਤੇ ਪਹੁੰਚਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਆਪ ਨੇ ਜੋ ਗਰੰਟੀਆਂ ਪੰਜਾਬ ਵਾਸੀਆਂ ਨੂੰ ਦਿੱਤੀਆਂ ਸਨ ਉਹ ਲਾਗੂ ਵੀ ਕੀਤੀਆਂ ਹਨ। ਜੋ ਕੰਮ ਪਿਛਲੀਆਂ ਸਰਕਾਰਾਂ ਨਹੀਂ ਕਰ ਸਕੀਆਂ ਉਹ ਆਮ ਪਾਰਟੀ ਨੇ ਕਰਕੇ ਇਤਿਹਾਸ ਰਚਿਆ ਹੈ। ਉਨਾਂ ਦਾਅਵਾ ਕੀਤਾ ਕਿ 2027 ਵਿੱਚ ਫਿਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨੀ ਤੈਅ ਹੈ।

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਮੁਕਤੀ ਮੋਰਚਾ ਦੇ ਮਾਝਾ ਜ਼ੋਨ ਦੇ ਸਮੂਹ ਜ਼ਿਲ੍ਹਾ ਕੋਆਰਡੀਨੇਟਰਾਂ ਅਤੇ ਬਲਾਕ ਕੋਆਰਡੀਨੇਟਰਾਂ ਦਾ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਕਰਵਾਇਆ

ਅੰਮ੍ਰਿਤਸਰ, 20 ਮਾਰਚ (ਬਬਲੂ ਮਹਾਜਨ) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਮੋਰਚਾ ਦੇ ਮਾਝਾ ਜ਼ੋਨ ਦੇ ਸਮੂਹ

ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
In the Court of Sh. Ravtesh Inderjit Singh
Civil Judge (Junior Division)-6, Jalandhar
CNR No.PBJL02-002853-2025
Next Date : 27.04.2026
Canara bank
Versus
Surjit Singh
Suit for grant of decree for recovery of Rs.1377383/-alongwith interest as prayed for.
Notice To: 02.Varinder Pal Singh S/O Jagjit Singh R/O Vill Sarishtpur Kasba Distt Hoshiarpur
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **27.**04.2026 at 10:00 A.M.
for detalls logon to https//. highcourtchd. gov. in/?mod=district_ notice& district=Jalandhar
Dated this day of 15.03.2026
Sd/- Civil Judge (Junior Division)-6, Jalandhar

(U/o 5 Rule 20 CPC)
In the Court of Ms.Mohini Goyal Civil Judge Junior Division-4 Samana, Samana
CNR No.PBPTC0-000184-2024
Next Date : 07.04.2026
Rachhpal Singh
Versus
1. Sarabjit Singh
Notice to: 1. Sarabjit Singh Father: Jaswant Singh 2. Satinder Kaur W/ O Jaswant Singh Both R//O 28-A Gali No. 2 Green City Colony Samana Tehsil Samana Distt. Patiala
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **07.**04.2026 at 10:00 A.M.
For details logon to https:// highcourtchd.gov.in/?mod=district_ notice&district=patiala
Dated this day of 27-02-2026
Sd/- Civil Judge Junior Division-4 Samana, Samana

(U/o 5 Rule 20 CPC)
In the Court of Sh. Ashish Thathai Civil Judge (Senior Division), Rupnagar
CNR No.PBRO02-000340-2026
Next Date :06.04.2026
Devinder Pal
Versus
General Public
Notice to: General Public: - Rupnagar
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **06.**04.2026 at 10:00 A.M.
For details logon to https:// highcourtchd.gov.in/?mod=district_ notice&district=Rupnagar
Dated this day of 18-03-2026
Sd/- Civil Judge (Senior Division), Rupnagar

(U/o 5 Rule 20 CPC)
(Under Guardian and Ward Act)
In the Court of Ms. Balvinder Kaur Dhaliwal
Additional Civil Judge (Senior Division), Jagraon
CNR No.PBLDB0-000212-2026
Next Date : 09.04.2026
Karamjeet Kaur
Versus
General Public
Notice to: General Public
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **09.**04.2026 at 10:00 A.M.
For details logon to https:// highcourtchd.gov.in/?mod=district_ notice&district=ludhianacourt
Dated this day of 20-02-2026
Sd/- Additional Civil Judge (Senior Division), Jagraon

(U/o 5 Rule 20 CPC)
In the Court of Sh. Aashish Abrol Principal Judge Family Court, Bathinda
CNR No.PBBT01-014184-2024
Next Date : 09.04.2026
MNT/425/2024
Tajinder Kaur @ Tejiinder Kaur
Versus
Jasvinder Singh
Application U/S 144 Of Bnss 2023 For Grant Of Maintenance Allowance To The Applicants Rs. 50,000/-i.e. 30,000/- To Applicant No. 1 And 20,000/- To The Applicant No.2
Notice to: Jasvinder Singh S/o Sukhdev Singh R/O Vill Gobindpura, Tehsil And Dist Bathinda Second Address 8819, Prairie Dr Houston, Tx 77064, United States Of America.
In above titled case the defendant(s)/respondent(s) could not be served. It is orderded that respondent should appear in person or through counsel on **09.**04.2026 at 10:00 A.M.
For details logon to https:// highcourtchd.gov.in/?mod=district_ notice&district=Bathinda
Dated this day of 21-02-2026
Sd/- Principal Judge Family Court, Bathinda

(U/o 5 Rule 20 CPC)
In the Court of Ms. Chinu Sharma Civil Judge Jr. Div.,Chandigarh
CNR No.CHCH02-000750-2026
Next Date : 17.04.2026
Madan Lal Gautam
Versus
General Public
Notice to: General Public
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **17.**04.2026 at 10:00 A.M.
For details logon to https:// highcourtchd.gov.in/?trs=district_ notice&district=Chandigarh
Dated this day of 19-03-2026
Sd/- Civil Judge Jr. Div.,Chandigarh

In the Court of Sh. Sukhmandeep Singh
Judicial Magistrate First Class-3, Abohar
CNR No.PPBFZE130882024
Next Date : 28.04.2026
NACT/886/2024
Sh. Ram Finance Ltd
Versus
Harjinder Singh
Detail of offence:- 138 Nlact
Notice to: Harjinder Singh S/O Mukhtiar Singh R/O Village Mulian Wali Main Road Near Bharti Public School Tehsil And Distt Fazilka
In above titled case the accused could not be served. It is orderded that accused should appear in person or through counsel on **28.**04.2026 at 10:00 A.M.
For details logon to https:// highcourtchd.gov.in/?mod=district_ notice&district=mogacourt
Dated this day of 16-03-2026
Sd/- Judicial Magistrate First Class-3, Abohar

Criminal Courts, Ludhiana
In the Court of Ms. Jyoti Kumari, Judicial Magistrate 1st Class Ludhiana
CNR No.PBLD03024531-2021
Peshi : 08.04.2026
COMA/10854/2021
Axis Bank
Versus
Sukhdev Singh
Complaint R/W Sec-138 of N.I Act
Publication Notice For Proclamation Under Section 82 CR.PC9
Notice to: Sukhdev Singh S/O Swarna Singh, 1526c, Type 2 Rail Coach Factory Township Hussainpur Kapurthala Punjab 144602 India2nd Address: Sukhdev Singh S/O Swarna Singh Garcha Nawanshar Punjab 144518 India3rd Address: Sukhdev Singhs/O Swarna Singh. Rail Coach Factory, Kapurthala Punjab 144602 India.
Whereas it has been proved to the satisfaction of the court that you, the accused above named cannot be served in the ordinary way of service. hence, this proclamation under section 82 crpc is hereby issued against you with a direction that you should appear personally before the court on 08.04.2026 at 10.00 am. or within 30 days from the date of publication of this proclamation.
Take notice that, in default of your part to appear as directed above, the above said case will be heard and determined as per law, in your absence.
Given under my hand and the seal of the court, this for details login to https://highcourtchd.gov.in/ ?trs=district_notice&district-ludhiana
Sd/- Judicial Magistrate 1st Class, Ludhiana

(U/o 5 Rule 20 CPC)
In the Court of Sh. Ranjeev Kumar Vishisht
Additional District and Sessions Judge, Ludhiana
CNR No.PBLD01-006206-2024
Next Date :07.04.2026
CA-294-2024
Jaswinder Singh
Versus
Paramjit Kaur & Ano.
Notice to: 2) Nirmal Singh S/O Bhajan Singh R/O Vill. Gagra, Teh. Jagraon, Distt. Ludhiana 3) Surinder Kumar Saggu S/O Sh. Rakesh Kumar 4) Neelam Saggu Wife Of Sh. Surinder Kumar Saggu 5) Roxy Saggu S/O Sh. Surinder Kumar Saggu All R/O 39, Kanchan Colony, Near Vishal Nagar Chowk, Pakhowal Road, Ludhiana
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **07.**04.2026 at 10:00 A.M.
For details logon to https:// highcourtchd.gov.in/?mod=district_ notice&district=mogacourt
Dated this day of 18-03-2026
Sd/- Additional District and Sessions Judge, Ludhiana

(U/o 5 Rule 20 CPC)
(Under Guardian and ward Act)
In the Court of Sh. Vineet Kumar Narang
Additional Principal Judge Family Court-1, Jalandhar
CNR No:-PBJL01-018415-2024
Next Date : 04.04.2026
Sunil Sharma Wife Of Mahendra Singh Resident Of Plot No. 56. Laxmi Nagar, Machwa Royal City, Kalwar Road, Jhotwara, Jaipur, Rajasthan Presently Residing At House No. 523, Amrit Vihar, Vtc Jalandhar-1, Jalandhar
Versus
I-Inderjeet Sharma Son Of Ram Chander Sharma Resident Of Rua Senhora Das Ondas 24 3090-485, Marinha Das Ondas Figueria Da Foz Coimbra, Portugal At Presently Residing At House No. 523, Amrit Vihar, Vtc Jalandhar-1, Jalandhar 2-Manpreet Kaur Wife Of Inderjeet Sharma, Daughter Of Nirmal Singh Resident Of House No. 1016, Gali Fatehabad Chowk, Baba Sahib Amritsar 3-General Public
Notice to: General Public Spouse:- General Public
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **04.**04.2026 at 10:00 A.M.
For details logon to https:// highcourtchd.gov.in/?mod=district_ notice&district=Jalandhar
Dated this day of 18-03-2026
Sd/- Additional Principal Judge Family Court-1, Jalandhar

(U/o 5 Rule 20 CPC)
In the Court of Sh.Pallav Arora Civil Judge (Junior Division)-8,
CNR No.PBSA02-001800-2025
Next Date : 08.04.2026
CS/1086/2025
Jasvir Singh Alias Jasbir Singh
Versus
Gurmel Singh
Suit For Permanent Injunction Restraining The Defendants From Encroaching Upon Land Property In Village Bathlana, HB No. 284, Tehsil & Distt Sas Nagar Mohali
Notice to: Def 3) Gurcharan Singh S/O Labha Singh S/o Sarwan Singh 8) Gurmeet Kaur W/O Gurdev Singh 9) Joginder Kaur W/O Harnek Singh 19) Jasdial Singh S/O Hardial Singh 21) Ajaib Singh S/O Surjan Singh S/O Rulia 22) Jeet Singh S/O Surjan Singh S/O Rulia 24) Tarsem Singh S/O Naranjan Singh S/O Gurbaksh Singh 25) Usha Rani W/O Ravinder Mohan S/O Piare Lal 31) Manjit Kaur W/O Avtar Singh S/ O Amar Singh 32) Sukhwinder Kaur W/O Gurdev Singh S/ O Bachan Singh 33) Pardeep Kumar Garg S/O Parmod Kumar 35) Sandeep Kaur S/O Jasmer Singh S/O Gurbakhsh Singh 36) Manjit Kaur Ghuman W/O Pritpal Singh S/O Harbans Singh 37) Kunal Singla S/O Subodh Singh S/O Raj Kumar 38) Sudesh Kumari W/O Ram Chand S/C Dharam Chand 39) Vidya Shakti W/O Arun Kumar S/O Subhash Chand 40) Kiran Kamboj W/O Milakh Raj Kamboj S/O Kanhiya Ram 41) Ajay Kumar S/O Amar Nath S/O Kapur Chand 42) Arun Kumar S/O Satpal S/O Ram Sharan Das 44) Amar Singh S/O Des Raj S/O Sunder Singh 46) Sucha Singh S/ O Des Raj S/O Sunder Singh 47) Gurmehar Infra Solutions All R/O Village Bathlana Po Geega Majra, Tehsil, And Distt Sas Nagar Mohali Punjab 140307
In above titled case the defendant(s)/ respondent(s) could not be served. It is orderded that defendant(s)/respondent(s) should appear in person or through counsel on **08.**04.2026 at 10:00 A.M.
For details logon to https://highcourtchd.gov.in/ ?mod=district_ notice&district=mohali
Dated this day of 19-03-2026
Sd/- Civil Judge (Junior Division)-8, SAS Nagar

Change of Name
I Suresh Kumar Pandey S/o Madhav Ram Pandey R/o Street No.-2, Professor Colony, Sirhind (R), Fatehgarh Sahib, Punjab-140406 have Changed my Name to Suresh Bhardwaj for all future purposes.

Public Notice
It is Certified that Mr. Mangat Ram, an Indian national and holder of passport No. P1811571 issued at Manila on 5 April , 2016 valid till 4 April, 2026, does not have a Surname. The entry "None" under the column "Surname" in his aforementioned passport vouches for that fact.

(U/o 5 Rule 20 CPC)
In the Court of Ms. Simranpreet Kaur
Civil Judge Junior Division-5 Rajpura,
CNR No.PBPTA0-001696-2022
Next Date : 21.04.2026
Raj Kumar
Versus
Amarjit Kaur
Suit for Seperate Possession and Permanent injunction
Notice to: 8(i) Jagtar Singh Son 8(ii) Kuldeep Kaur 8(iii) Ranjit Kaur 8(Iv) Charanjit Kaur All D/o Gurmeet Kaur D/O Nanak Singh Son Of Shayam Singh R/O Vill Pola(Dera Mullanpurian, De Khetan Vich.) Teh & Distt Fatehgarh Sahib 9056218141 12(i) Jaswinder Kaur 12(ii) Harwinder Kaur 12(iii) Lovely 12(iv) Jasbir Kaur (All Daughters) 12(V) Mandeep Singh (Son) Of Balvir Kaur D/O Nanak Singh Son Of Shayam Singh All R/ o Village Chanarthal Kalan, Teh & Distt Fatehgarh Sahib 34(i) Rajni Devi (Daughter) 34(ii) Gaurv Singh (Son) Of Narinder Kaur D/O Harbans Singh Son Of Mela Singh R/O Vill Basantpura, Teh Rajpura, Distt Patiala 41(i) Neeta Rani Daughter 41(ii) Asha Rani Daughter 41(iii) Kala Singh Son Of Jaswinder Kaur Wd/O Hardeep Singh Son Of Harbans Singh R/O Vill Basantpura, Teh Rajpura, Distt Patiala 42(i) Narinder Kaur (Daughter) 42(ii) Hardeep Singh (Son) 42(iii) Gurdeep Singh (Son) 42(Vi) Paramjit Singh (Son) C/o Ranjodh Singh All S/O Gurdeep Singh Grandson Of Surjit Kaur R/O Vill Basantpura, Teh Rajpura, Distt Patiala
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **21.**04.2026 at 10:00 A.M.
For details logon to https:// highcourtchd.gov.in/?mod=district_ notice&district=patiala
Dated this day of 20-03-2026
Sd/- Civil Judge Junior Division-5 Rajpura

ਬੇਦਖਲੀ ਸੂਚਨਾ

ਅਸੀਂ ਮਨਦ ਮੋਹਨ ਮਰਵਾਹਾ ਪੁੱਤਰ ਸ੍ਰੀ ਵਿਸ਼ਵਾ ਮਿੱਤਰ ਮਰਵਾਹਾ ਵਾ ਅਨੀਤਾ ਮਰਵਾਹਾ ਪਤਨੀ ਮਦਨ ਮੋਹਨ ਮਰਵਾਹਾ ਵਾਸੀ110, ਬਲਾਕ ਏ, ਗਲੀ ਨੰ: 1, ਬਾਬਾ ਦੀਪ ਸਿੰਘ ਨਗਰ, ਨੇੜੇ ਗੁਰਦੁਆਰਾ ਅੰਗੀਠਾ ਸਾਹਿਬ, ਪਟਿਆਲਾ ਬਿਆਨ ਕਰਦੇ ਹਾਂ ਕਿ ਤਨਿਸ਼ ਮਰਵਾਹਾ ਮੇਰਾ ਲੜਕਾ ਅਤੇ ਗੀਤੂ ਉਸਦੀ ਘਰਵਾਲੀ ਹੈ , ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਜਿਸ ਕਰਕੇ ਅਸੀਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਵਿਚੋਂ ਬੇਦਖਲ ਕਰ ਦਿੱਤਾ ਹੈ। ਜੇਕਰ ਕੋਈ ਵਿਅਕਤੀ ਸਾਡੇ ਲੜਕੇ ਜਾਂ ਸਾਡੀ ਨੂੰਹ ਨਾਲ ਕੋਈ ਲੈਣ ਜਾਂ ਦੇਣ ਕਰੇਗਾ ਤਾਂ ਉਹ ਉਸਦਾ ਖੁਦ ਜ਼ਿੰਮੇਵਾਰ ਹੋਵੇਗਾ।

ਨਾਮ ਦੀ ਬਦਲੀ

ਮੈਂ, ਰਾਜੇਸ਼ ਮਿੱਤਲ ਪੁੱਤਰ ਦੇਸ ਰਾਜ ਗੁਪਤਾ, ਵਾਸੀ ਮਕਾਨ ਨੰ: 4134/2, ਸੀ.ਆਈ. ਏ. ਸਟਾਫ ਦੇ ਨੇੜੇ, ਸੂਈਗਰਾਂ ਪਟਿਆਲਾ ਨੇ ਆਪਣਾ ਨਾਮ ਬਦਲ ਕੇ ਰਾਜੇਸ਼ ਕੁਮਾਰ ਰੱਖ ਲਿਆ ਹੈ।

ਕੇਰਟ ਨੋਟਿਸ
ਪੇਸ਼ੀ. 01/04/2026
ਬਾ ਅਦਾਲਤ ਸ੍ਰੀ ਬਲਜਿਦੰਰ ਸਿੰਘ ਤਹਿਸੀਲਦਾਰ ਕਮ.ਸਹਾਇਕ ਕੁਲੈਕਟਰ ਦਰਜਾ ਅਵਲ ਅਬੋਹਰ।
ਦਲਜੀਤ ਕੋਰ ਪਤਨੀ ਦਲੇਰ ਸਿੰਘਵਾਸੀ ਪਿੰਡ ਕੁਡੰਲ ਤਹਿਸੀਲ ਅਬੋਹਰ ਜਿਲਾ ਫਾਜਿਲਕਾ .ਫਰੀਕ ਅਵਲ
ਬਨਾਮ
1ਬਲਵੰਤ ਸਿੰਘ ਪੁਤਰਅ ਬਖਸੀ ਸਿੰਘ 2 ਅਮਰੀਕ ਸਿੰਘ 3.ਗੁਰਪ੍ਰੀਤ ਸਿੰਘ 4.ਮਲਕੀਅਤ ਸਿੰਘ ਬੇਟੇ ਨੰਥੂ ਸਿੰਘ ਵਾ 5.ਸੁਰਜੀਤ ਕੋਰ ਪੁਤਰੀ ਪੋਹਲੀ ਪੁਤਰੀ ਮੇਹਰ ਸਿੰਘ 4.ਮਨਜੀਤ ਕੋਰ ਵਿਧਵਾ ਵਾ 5.ਸੁਰਿਦੰਰ ਕੋਰ 6.ਹਰਿਦੰਰਪਾਲ ਕੋਰ 7.ਜਸਵਿਦੰਰ ਕੋਰ ਪੁਤਰੀਆਨ ਵਾ 8.ਸੁਖਪਾਲ ਸਿੰਘ ਪੁਤਰ ਬੂਟਾ ਸਿੰਘ 9.ਘੁਕੱਰ ਸਿੰਘ ਪੁਤਰ ਮਖਨ ਸਿੰਘ 10.ਬਲੀ ਸਿੰਘ ਪੁਤਰ ਸਾਮ ਕੋਰ ਪੁਤਰੀ ਦਲੀਪ ਸਿੰਘ 1.ਚਰਨਜੀਤ ਸਿੰਘ ਪੁਤਰਅ ਹਰਦਮ ਸਿੰਘ 12. ਹਰਪਾਲ ਕੋਰ ਪੁਤਰੀ ਜਰਨੈਲ ਸਿੰਘ 13.ਹਰਜੀਤ ਕੋਰ ਵਿਧਵਾ ਵਾ 14. ਰਣਜੀਤ ਸਿੰਘ 15.ਦਲਜੀਤ ਸਿੰਘ ਬੇਟੇ ਵਾ 16.ਪਰਮਿਦੰਰ ਕੋਰ ਪੁਤਰੀ ਹਰਕਿਰਪਾਲ ਸਿੰਘ 17.ਗੁਰਚਰਨ ਸਿੰਘ ਪੁਤਰ ਮਲ ਸਿੰਘ ਪੁਤਰ ਹਰਨਾਮ ਸਿੰਘ 18. ਗੁਰਮੇਲ ਸਿੰਘ ਪੁਤਰ ਕੁਲਵੰਤ ਸਿੰਘ 19. ਇਕਬਾਲ ਸਿੰਘ ਪੁਤਰ ਇਦੰਰ ਸਿੰਘ 20.ਕਰਤਾਰ ਕੋਰ ਪੁਤਰੀ ਚੰਦ ਕੋਰ 21.ਨਰਜੰਨ ਸਿੰਘ ਪੁਤਰ ਦਿਆਲ ਸਿੰਘ 22.ਛਿਦੰਰ ਕੋਰ ਪੁਤਰੀ ਗੁਰਦੇਵ ਕੋਰ ਪੁਤਰੀ ਖੇਤਾ ਸਿੰਘ 23.ਸੁਖਜਿੰਦਰ ਸਿੰਘ ਪੁਤਰ ਗੁਰਦੇਵ ਕੋਰ 24.ਰਾਜਵਿਦੰਰ ਸਿੰਘ ਪੁਤਰ ਦਰਸ਼ਨ ਸਿੰਘ 25.ਕਾਲਾ ਸਿੰਘ ਪੁਤਰ ਦਰਸ਼ਨ ਸਿੰਘ 26.ਬਲਤੇਜ ਕੋਰ ਪੁਤਰੀ ਦਲੀਪ ਸਿੰਘ 27.ਗੁਰਤੇਜ ਸਿੰਘ 28.ਹਰਦੇਵ ਸਿੰਘ 29.ਜਗਦੇਵ ਸਿੰਘ 30.ਬਿਕਰ ਸਿੰਘ ਬੇਟੇ ਜੰਗ ਸਿੰਘ ਪੁਤੰਰ ਦਲੀਪ ਸਿੰਘ 31.ਕੁਲਵਿਦੰਰ ਸਿੰਘ ਪੁਤਰ ਸੁਖਦੇਵ ਸਿੰਘ 32.ਹਰਵਿਦੰਰ ਸਿੰਘ ਪੁਤਰ ਜਸਵੀਰ ਕੋਰ ਪੁਤਰੀ ਖੇਤਾ ਸਿੰਘ 33 ਸੁਰਜੀਤ ਕੋਰ ਵਿਧਵਾ ਵਾ 34.ਅਮਰਜੀਤ ਸਿੰਘ 35.ਪਰਮਜੀਤ ਸਿੰਘ 36.ਹਰਜੀਤ ਸਿੰਘ ਬੇਟੇ ਵਾ 37.ਕਰਮਜੀਤ ਕੋਰ ਪੁਤਰੀ ਸੁਖਦੇਵ ਸਿੰਘ ਪੁਤਰ ਜਲਧੰਰ ਸਿੰਘ 38.ਦਲਵੀਰ ਸਿੰਘ ਪੁਤਰ ਨੇਬ ਸਿੰਘ ਪੁਤਰ ਪੋਹਲੀ 39.ਸਾਧੂ ਸਿੰਘ 40.ਜਗਵੀਰ ਸਿੰਘ ਬੇਟੇ ਵਾ 41,ਮਨਜੀਤ ਕੋਰ 42 ਹਰਜਿੰਦਰ ਕੋਰ 43 ਸਤਵੀਰ ਕੋਰ ਪੁਤਰੀਆਨ ਨੇਬ ਸਿੰਘ 44.ਦਰਸ਼ਨ ਸਿੰਘ 45.ਲਖਵਿਦੰਰ ਸਿੰਘ ਬੇਟੇ ਜਸਪਾਲ ਕੋਰ ਪੁਤਰੀ ਇਦੰਰ ਸਿੰਘ 46.ਰਾਜਵਿਦਰ ਕੋਰ 47.ਬਿਦੰਰ ਕੋਰ ਪੁਤਰੀਆਨ ਅਵਲਤਾਰ ਕੋਰ ਪੁਤਰੀ ਜਲ ਕੋਰ 48.ਪ੍ਰਿਤਪਾਲ ਕੋਰ 49 ਅਮਰਿਤਪਾਲ ਕੋਰ ਪੁਤਰੀਆਨ ਬੂਟਾ ਸਿੰਘ 50.ਅਵਤਾਰ ਸਿੰਘ ਮੁਤਬੰਨਾ ਪੁਤਰ ਹਰਦੰਦ ਸਿੰਘ 51.ਬਲਜੀਤ ਕੋਰ ਵਿਧਵਾ ਵਾ 52.ਰਮਨਦੀਪ ਸਿੰਘ ਪੁਤਰ ਅਜਾਇਬ ਸਿੰਘ 53.ਕਰਨੈਲ ਕੋਰ ਵਿਧਵਾ ਵਾ 54.ਗੁਰਮੀਤ ਸਿੰਘ 55. ਲਖਵੀਰ ਸਿੰਘ ਬੇਟੇ ਦਰਸ਼ਨ ਸਿੰਘ 56.ਨਸੀਬ ਕੋਰ ਵਿਧਵਾ ਬਸੰਤ ਸਿੰਘ 57.ਨਵਜੋਤ ਸਿੰਘ ਪੁਤਰ ਹਰਵਿਦੰਰ ਸਿੰਘ 58.ਲਖਵਿਦੰਰ ਸਿੰਘ ਪੁਤਰ ਮੁਦੰਰ ਸਿੰਘ 59.ਸਗਰੂਪ ਸਿੰਘ ਪੁਤਰ ਚੰਦ ਸਿੰਘ 60.ਮਨਜੀਤ ਸਿੰਘ ਪੁਤਰ ਚੰਦ ਸਿੰਘ 61.ਜਗਰੂਪ ਸਿੰਘ 62.ਹਾਕਮ ਸਿੰਘ 63.ਹਰਸਪਿਦੰਰ ਸਿੰਘ ਉਰਫ ਰਾਵਿਦੰਰ ਸਿੰਘ ਪੁੱਤਰ ਹਰਬੰਸ ਸਿੰਘ 64.ਅਮਰਜੀਤ ਕੋਰ ਵਿਧਵਾ ਵਾ 65.ਸਵਿਦੰਰ ਕੋਰ ਪੁਤਰੀ ਵਾ 66.ਮਨਜੀਤ ਸਿੰਘ 67.ਸਿਮਰਜੀਤ ਸਿੰਘ ਬੇਟੇ ਗੁਰਦੇਵ ਸਿੰਘ 68.ਜਸਕਰਨ ਸਿੰਘ ਪੁਤਰ ਗੁਰਜੰਟ ਸਿੰਘ 69.ਸੁਖਦੇਵ ਕੋਰ ਵਿਧਵਾ ਵਾ 70.ਅੰਗਰੇਜ ਸਿੰਘ ਪੁਤਰ ਹਾਕਮ ਸਿੰਘ 71.ਸੁਖਵਿਦੰਰ ਕੋਰ ਪੁਤਰੀ ਵਾ 72 ਅੰਗਰੇਜਸਿੰਘ ਪੁਤਰ ਮੁਖਤਿਆਰ ਕੋਰ ਪੁਤਰੀ ਦਿਆਲ ਸਿੰਘ 73.ਤੇਜਿਦੰਰ ਕੋਰ ਵਿਧਵਾ ਵਾ 74.ਸਰਬਜੀਤ ਸਿੰਘ ਪੁਤਰ ਬਲਦੇਵ ਸਿੰਘ 75.ਮਨਜੀਤ ਕੋਰ ਵਿਧਵਾ ਵਾ 76.ਅਮਨਦੀਪ ਸਿੰਘ 77.ਗਗਨਦੀਪ ਸਿੰਘ ਬੇਟੇ ਵਾ 78.ਰਮਨਦੀਪ ਕੋਰ ਪੁਤਰੀ ਜਗਮੀਰ ਸਿੰਘ ਪੁਤਰ ਜੰਗ ਸਿੰਘ 79.ਮੇ/ਸ ਓਮ ਪ੍ਰਕਾਸ਼ ਸ਼ਤੀਸ਼ ਕੁਮਾਰ,ਕਮਿਸ਼ਨ ਏਜੰਟ ਮੰਡੀ ਅਬੋਹਰ 80.ਗੁਰਮੇਲ ਸਿੰਘ ਪੁਤਰ ਬਲਵੀਰ ਸਿੰਘ 82.ਜੰਗੀਰ ਸਿੰਘ ਪੁਤੰਰ ਹਰਬੰਸ ਸਿੰਘ 83.ਰਾਜਵਿਦੰਰ ਸਿੰਘ 84.ਸੁਖਜਿਦੰਰ ਸਿੰਘ ਬੇਟੇ ਕੁਲਦੀਪ ਸਿੰਘ 85.ਗੀਤਾ ਦੇਵੀ ਪਤਨੀ ਮਦਨ ਲਾਲ ਪੁਤਰ ਮੇਹਰ ਲਾਲ 88.ਬਸਕਲਾ ਦੇਵੀ ਪਤਨੀ ਰਾਮ ਪ੍ਰਤਾਪ ਪੁਤਰ ਮੇਹਰ ਲਾਲ 87.ਸੁਖਜੀਤ ਕੋਰ ਵਿਧਵਾ ਵਾ 88. ਕਮਲਜੀਤ ਕੋਰ 89.ਅਮਨਦੀਪ ਕੋਰ 90.ਵੀਰਪਾਲ ਕੋਰ ਪੁਤਰੀਆਨ ਵਾ 91.ਅਮ੍ਰਿਤਪਾਲ ਸਿੰਘ ਪੁਤਰ ਬਲਕਰਨ ਸਿੰਘ ਪੁਤਰ ਗੁਰਦੇਵ ਕੋਰ 92 ਜਸਵੀਰ ਕੋਰ ਪਤਨੀ ਵਾ 93.ਕਮਜੀਤ ਕੋਰ ਪੁਤਰੀ ਵਾ 94.ਹਰਸਿਮਰਨਦੀਪ ਸਿੰਘ 95.ਰਮਨਦੀਪ ਸਿੰਘ ਬੇਟੇ ਬਲਵਿਦੰਰ ਸਿੰਘ ਪੁਤਰ ਨੰਦ ਸਿੰਘ 96.ਹਰਵਿਦੰਰ ਸਿੰਘ ਪੁਤਰ ਅਗੰਰੇਜਸਿੰਘ 97.ਗੁਰਮੀਤ ਕੋਰ ਵਿਧਵਾ ਕਰਮਜੀਤ ਸਿੰਘ ਵਾਸੀਆਨ ਪਿੰਡ ਕੁਡੰਲ ਤਹਿਸੀਲ ਅਬੋਹਰ ਜਿਲਾ ਫਾਜਿਲਕਾ 98.ਪੰਜਾਬ ਨੇਸ਼ਨਲ ਬੈਂਕ ਬਰਾਂਚ ਕੁਡੰਲ ਬਜਰੀਆ ਬਰਾਂਚ ਮਨੇਜਰ ਪਿੰਡ ਕੁਡੰਲ ਜਿਲਾ ਫਾਜਿਲਕਾ। (ਫਰੀਕ ਸਾਨੀ)
ਦਰਖਾਸਤ ਤਕਮੀਮ ਅਰਾਸੀ ਪਿੰਡ ਕੁਡੰਲ ਤਹਿ. ਅਬੋਹਰ
ਇਸ ਅਦਾਲਤ ਨੂੰ ਯਕੀਨ ਹੋ ਚੁਕਾ ਹੈ ਕਿ ਉਕਤ ਨਾਂ ਦੇ ਰਸਪਾਡੰਟਾਂ ਉਪਰ ਸਧਾਰਣ ਤਰੀਕੇ ਨਾਲ ਸਮੰਨ ਤੇ ਤਾਮੀਲ ਨਹੀ ਹੋ ਸਕਦੀ ਇਸ ਲਈ ਜਾਬਤਾ ਦੀਵਾਨੀ ਦੇ ਰੂਲ 20 ਦੀ ਧਾਰਾ 5 ਅਧੀਨ ਇਹ ਇਸ਼ਤਿਹਾਰ ਉਸ/ਉਨਾਂ ਵਿਰੁਧ ਜਾਰੀ ਕੀਤਾ ਜਾਂਦਾਂ ਹੈ ।ਕਿ ਉਹ ਤਰੀਖ ਪੈਸੀ 01/04/2026 ਨੰ 10 ਵਜੇ ਸਵੇਰੇ ਖੁਦ ਜਾਂ ਕਿਸੇ ਅਧਿਕਾਰਤ ਪ੍ਰਤੀਨਿਧੀ ਜਾਂ ਵਕੀਲ ਰਾਂਹੀ ਇਸ ਅਦਾਲਤ ਵਿਚ ਪੇਸ ਹੋਵੇ ਵਰਨਾ ਇਕ ਪਾਸੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।
ਅਜ ਮਿਤੀ 13/3/26 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ ।
ਦਸਖਤ ਹਾਕਮ ਤੇ ਮੋਹਰ ਅਦਾਲਤ

ਚੜ੍ਹਦੀਕਲਾ ਪੜੋ, ਚੜ੍ਹਦੀਕਲਾ ਵਿੱਚ ਰਹੋ।

ਰਣਵੀਰ ਸਿੰਘ ਪੁਨੀਆ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸੂਬਾ ਜਨਰਲ ਸਕੱਤਰ ਨਿਯੁਕਤ

ਫਤਿਹਗੜ੍ਹ ਸਾਹਿਬ 20 ਮਾਰਚ (ਹਰਪ੍ਰੀਤ ਕੌਰ ਟਿਵਾਣਾ)- ਸ਼੍ਰੋਮਣੀ ਅਕਾਲੀ ਦਲ ਪਨਰ ਸੁਰਜੀਤ ਵੱਲੋਂ ਪਾਰਟੀ ਦੇ ਸੰਗਠਨ ਨੂੰ ਹੋਰ ਮਜ਼ਬੂਤ ਬਣਾਉਣ ਲਈ ਲਗਾਤਾਰ ਅਹਿਮ

ਕਦਮ ਚੁੱਕੇ ਜਾ ਰਹੇ ਹਨ। ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦੇ ਆਦੇਸ਼ਾਂ ਅਨੁਸਾਰ ਇਸੇ ਕੜੀ ਵਿੱਚ ਵਰਕਿੰਗ ਕਮੇਟੀ ਮੈਂਬਰ ਰਣਵੀਰ ਸਿੰਘ ਪੁਨੀਆ ਨੂੰ ਪਾਰਟੀ ਦਾ ਸੂਬਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਪਾਰਟੀ ਦੇ ਸੰਗਠਨਾਤਮਕ ਢਾਂਚੇ ਨੂੰ ਮਜ਼ਬੂਤ ਕਰਨ ਵੱਲ ਇੱਕ ਵੱਡਾ ਕਦਮ ਮੰਨੀ ਜਾ ਰਹੀ ਹੈ। ਰਣਵੀਰ ਸਿੰਘ ਪੁਨੀਆ ਦੀ ਨਿਯੁਕਤੀ ਨਾਲ ਪਾਰਟੀ ਵਰਕਰਾਂ ਅਤੇ ਆਗੂਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਪਈ ਹੈ। ਵੱਖ-ਵੱਖ ਹਲਕਿਆਂ ਦੇ ਵਰਕਰਾਂ ਨੇ ਇਸ ਫੈਸਲੇ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਪੁਨੀਆ ਇੱਕ ਤਜਰਬੇਕਾਰ ਅਤੇ ਮਿਹਨਤੀ ਆਗੂ ਹਨ, ਜੋ ਪਾਰਟੀ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਵਿੱਚ ਸਮਰੱਥ ਹਨ। ਉਨ੍ਹਾਂ ਦ

ਧੁਰੰਧਰ ਦੇ ਰਣਵੀਰ ਸਿੰਘ ਦਾ ਪਾਕਿਸਤਾਨ ਨਾਲ ਕੀ ਹੈ ਨਾਤਾ ?

ਵੰਦਨਾ

ਰਣਵੀਰ ਸਿੰਘ ਦੀ ਫ਼ਿਲਮ 'ਧੁਰੰਧਰ' ਨੇ ਪਿਛਲੇ ਸਾਲ ਜ਼ਬਰਦਸਤ ਧੂਮ ਮਚਾਈ ਸੀ ਅਤੇ ਹੁਣ 'ਧੁਰੰਧਰ ਪਾਰਟ-2' ਪਰਦੇ 'ਤੇ ਆ ਚੁੱਕੀ ਹੈ। ਇਸ ਦੇ ਨਿਰਦੇਸ਼ਕ ਵੀ ਆਦਿਤਿਆ ਧਰ ਹਨ। ਫ਼ਿਲਮ ਦਾ ਇੱਕ ਸੀਨ ਹੈ ਜਿੱਥੇ ਰਣਵੀਰ ਸਿੰਘ ਦੇ ਕਿਰਦਾਰ ਤੋਂ ਅਕਸ਼ੈ ਖੰਨਾ ਜਾਂ ਕਹੀਏ ਰਹਿਮਾਨ ਡਕੈਤ ਦਾ ਭਰਾ ਪੁੱਛਦਾ ਹੈ - ਕਿੱਥੋਂ ਆਇਆ? ਰਣਵੀਰ ਜਵਾਬ ਦਿੰਦਾ ਹੈ, ਖਰੇਟਾਬਾਦ, ਕਵੇਟਾ। ਨਾਮ - ਹਮਜ਼ਾ ਅਲੀ ਮਜ਼ਾਰੀ। ਫ਼ਿਲਮ ਵਿੱਚ ਰਣਵੀਰ ਇੱਕ ਭਾਰਤੀ ਏਜੰਟ ਵਜੋਂ ਪਾਕਿਸਤਾਨ ਜਾਂਦੇ ਹਨ ਜਿੱਥੇ ਉਹ ਪਾਕਿਸਤਾਨੀ ਨਾਗਰਿਕ ਬਣ ਕੇ ਰਹਿੰਦੇ ਹਨ। ਅਸਲ ਜ਼ਿੰਦਗੀ ਦੀ ਗੱਲ ਕਰੀਏ ਤਾਂ ਰਣਵੀਰ ਸਿੰਘ ਦੀਆਂ ਪਰਿਵਾਰਕ ਤਾਰਾਂ ਵਾਕਈ ਪਾਕਿਸਤਾਨ ਨਾਲ ਜੁੜੀਆਂ ਹੋਈਆਂ ਹਨ। ਇਹ ਰਿਸ਼ਤਾ ਸਮਝਣ ਲਈ 1940 ਦੇ ਦਹਾਕੇ ਵਿੱਚ ਜਾਣਾ ਪਵੇਗਾ ਜਦੋਂ ਅਣਵੰਡੇ ਭਾਰਤ ਦੇ ਪੰਜਾਬ ਵਿੱਚ ਈਸਾਈ ਧਰਮ ਨੂੰ ਮੰਨਣ ਵਾਲਾ ਬਰਕ ਪਰਿਵਾਰ ਰਹਿੰਦਾ ਸੀ। ਉਹ ਪਿੰਡ ਹੁਣ ਪਾਕਿਸਤਾਨ ਵਿੱਚ ਹੈ। ਇਸ ਪਰਿਵਾਰ ਦਾ ਹਿੱਸਾ ਸਨ ਨੌਜਵਾਨ ਸੈਮੂਅਲ ਮਾਰਟਿਨ ਬਰਕ, ਜੋ ਬਾਅਦ ਵਿੱਚ 11 ਦੇਸ਼ਾਂ ਵਿੱਚ ਪਾਕਿਸਤਾਨ ਦੇ ਰਾਜਦੂਤ ਬਣੇ ਅਤੇ ਉਨ੍ਹਾਂ ਦੀ ਭੈਣ ਚਾਂਦ ਬਰਕ ਪੰਜਾਬੀ ਤੇ ਹਿੰਦੀ ਫ਼ਿਲਮਾਂ ਵਿੱਚ ਸਹਾਇਕ ਅਦਾਕਾਰਾ ਬਣੀ - ਉਹੀ ਚਾਂਦ ਬਰਕ ਜੋ 'ਧੁਰੰਧਰ' ਦੇ ਸਟਾਰ ਰਣਵੀਰ ਸਿੰਘ ਦੀ ਦਾਦੀ ਹਨ। ਸੈਮੂਅਲ ਮਾਰਟਿਨ ਬਰਕ ਬਾਰੇ ਜਾਣਨ ਦੀ ਭਾਲ ਮੈਨੂੰ ਲੰਡਨ ਵਿੱਚ ਵੱਸੀ ਉਨ੍ਹਾਂ ਦੀ ਧੀ ਨੋਏਲ ਪਾਰਸਨਸ ਤੱਕ ਲੈ ਗਈ। ਰਿਸ਼ਤੇ ਵਿੱਚ ਰਣਵੀਰ ਦੀ ਦਾਦੀ ਦੇ ਭਰਾ ਯਾਨੀ ਸੈਮੂਅਲ ਮਾਰਟਿਨ ਬਰਕ ਦਾ ਜਨਮ ਪੰਜਾਬ ਵਿੱਚ ਨਨਕਾਣਾ ਸਾਹਿਬ ਨੇੜੇ ਮਾਰਟਿਨਪੁਰ ਪਿੰਡ ਵਿੱਚ 1906 ਵਿੱਚ ਹੋਇਆ ਸੀ। ਗੱਲਬਾਤ ਕਰਦਿਆਂ ਨੋਏਲ ਪਾਰਸਨਸ ਨੇ ਦੱਸਿਆ, "ਵੰਡ ਵੇਲੇ ਕਿਸੇ ਇੱਕ ਮੁਲਕ ਨੂੰ ਚੁਣਨ ਦੀ ਕਸ਼ਮਕਸ਼ ਨੇ ਮੇਰੇ ਪਿਤਾ ਨੂੰ ਅੰਦਰ ਤੱਕ ਪ੍ਰਭਾਵਿਤ ਕੀਤਾ। ਉਨ੍ਹਾਂ ਦੇ ਮਨ ਵਿੱਚ ਇੰਨੀ ਜ਼ਿਆਦਾ ਦੁਵਿਧਾ ਸੀ ਕਿ ਮੇਰੇ ਪਿਤਾ ਅਣਵੰਡਿਆ ਭਾਰਤ ਅਤੇ ਨੌਕਰੀ ਛੱਡ ਕੇ ਇੰਗਲੈਂਡ ਚਲੇ ਗਏ ਸਨ।" ਉੱਥੇ ਹੀ, ਰਣਵੀਰ ਸਿੰਘ ਦੀ ਦਾਦੀ ਚਾਂਦ ਬਰਕ ਵੰਡ ਤੋਂ ਬਾਅਦ ਉਸ ਵੇਲੇ ਦੇ ਬੰਬੇ (ਮੁੰਬਈ) ਆ ਗਈ।

ਭਾਰਤ ਅਤੇ ਪਾਕਿਸਤਾਨ ਵਿਚਕਾਰ ਚੁਣਨ ਦੀ ਦੁਬਿਧਾ

ਯਾਨੀ ਕਿ ਰਣਵੀਰ ਸਿੰਘ ਦੇ ਪਰਿਵਾਰ ਦੀਆਂ ਜੜ੍ਹਾਂ ਅਣਵੰਡੇ ਭਾਰਤ ਦੇ ਕਈ ਹਿੱਸਿਆਂ ਅਤੇ ਵਿਦੇਸ਼ਾਂ ਨਾਲ ਜੁੜੀਆਂ ਹੋਈਆਂ ਹਨ। ਜਿਨ੍ਹਾਂ ਦਿਨਾਂ ਵਿੱਚ ਭਾਰਤ ਦੀ ਵੰਡ ਦੀ ਗੱਲ ਚੱਲ ਰਹੀ ਸੀ, ਤਾਂ 1946 ਵਿੱਚ ਸੈਮੂਅਲ ਮਾਰਟਿਨ ਬਰਕ ਪੰਜਾਬ ਵਿੱਚ ਪਹਿਲੇ ਇਲੈਕਸ਼ਨ ਪਟੀਸ਼ਨ ਕਮਿਸ਼ਨ ਦੇ ਚੇਅਰਮੈਨ ਸਨ, ਯਾਨੀ ਜੱਜ ਸਨ। ਸੈਮੂਅਲ ਮਾਰਟਿਨ ਬਰਕ ਦੀ ਧੀ ਨੋਏਲ ਦੱਸਦੀ ਹੈ ਕਿ ਪਾਕਿਸਤਾਨ ਬਣਨਾ ਚਾਹੀਦਾ ਹੈ ਜਾਂ ਨਹੀ, ਇਸ 'ਤੇ ਬਹਿਸ ਜ਼ੋਰਾਂ 'ਤੇ ਸੀ ਅਤੇ ਕਮਿਸ਼ਨ ਵਿੱਚ ਜੋ ਲੋਕ ਪੈਰਵੀ ਕਰ ਰਹੇ ਸਨ, ਉਨ੍ਹਾਂ ਵਿੱਚ ਤਮਾਮ ਸਿਆਸੀ ਪਾਰਟੀਆਂ ਦੇ ਆਗੂ ਸ਼ਾਮਲ ਸਨ। ਆਪਣੀ ਸਵੈ-ਜੀਵਨੀ 'ਏ ਲਾਈਫ਼ ਆਫ਼ ਫੁਲਫਿਲਮੈਂਟ' ਵਿੱਚ ਸੈਮੂਅਲ ਮਾਰਟਿਨ ਬਰਕ ਲਿਖਦੇ ਹਨ, "ਉਸ ਵੇਲੇ ਨਿਰਪੱਖ ਰਹਿਣ ਦਾ ਮੇਰੇ ਕੋਲ ਇੱਕੋ-ਇੱਕ ਤਰੀਕਾ ਸੀ ਕਿ ਮੈਂ ਇਹ ਗੱਲ ਸਾਫ਼ ਕਰ ਦਿੰਦਾ ਸੀ ਕਿ ਵੰਡ ਤੋਂ ਬਾਅਦ ਮੇਰਾ ਇਰਾਦਾ ਭਾਰਤ ਜਾਂ ਪਾਕਿਸਤਾਨ ਵਿੱਚੋਂ ਕਿਸੇ ਵੀ ਮੁਲਕ ਵਿੱਚ ਸਰਕਾਰੀ ਨੌਕਰੀ ਕਰਨ ਦਾ ਨਹੀ ਹੈ। ਸੇਵਾ-ਮੁਕਤੀ (ਰਿਟਾਇਰਮੈਂਟ) ਲੈਣਾ ਹੀ ਮੈਨੂੰ ਸਭ ਤੋਂ ਸਨਮਾਨਜਨਕ ਤਰੀਕਾ ਲੱਗਿਆ। ਇੰਡੀਅਨ ਸਿਵਲ ਸਰਵਿਸ ਤੋਂ ਸਮੇਂ ਤੋਂ ਪਹਿਲਾਂ ਰਿਟਾਇਰਮੈਂਟ ਦੀ ਗੁਜ਼ਾਰਿਸ਼ ਕਰਨ ਵਾਲਾ ਮੈਂ ਪਹਿਲਾ ਏਸ਼ੀਆਈ ਬਣ ਗਿਆ।" "ਨਤੀਜਾ ਇਹ ਹੋਇਆ ਕਿ ਮੇਰੇ ਨਵੇਂ ਆਜ਼ਾਦ ਹੋਏ ਮੁਲਕ ਪਾਕਿਸਤਾਨ ਵਿੱਚ ਮੈਂ ਨਾ ਸਿਰਫ਼ ਬੇਰੁਜ਼ਗਾਰ ਹੋ ਗਿਆ, ਸਗੋਂ ਇਸਲਾਮਿਕ ਰਿਪਬਲਿਕ ਦੇਸ਼ ਵਿੱਚ ਮੈਂ ਇੱਕ ਛੋਟੇ ਜਿਹੇ ਘੱਟ-ਗਿਣਤੀ ਈਸਾਈ ਭਾਈਚਾਰੇ ਦਾ ਹਿੱਸਾ ਬਣ ਗਿਆ। ਜਦਕਿ ਅੰਗਰੇਜ਼ਾਂ ਦੇ ਰਾਜ ਦੌਰਾਨ ਮੈਂ ਇੰਡੀਅਨ ਸਿਵਲ ਸਰਵਿਸ ਵਿੱਚ ਜੱਜ ਸੀ।" ਇਸ ਤਰ੍ਹਾਂ ਵੰਡ ਤੋਂ ਬਾਅਦ ਸੈਮੂਅਲ ਮਾਰਟਿਨ ਬਰਕ ਆਪਣੇ ਪਰਿਵਾਰ ਨੂੰ ਲੈ ਕੇ ਬ੍ਰਿਟੇਨ ਆ ਗਏ, ਜਦਕਿ ਬਾਕੀ ਭੈਣ-ਭਰਾ ਕੈਨੇਡਾ ਚਲੇ ਗਏ ਅਤੇ ਇੱਕ ਭੈਣ ਬੰਬੇ ਆ ਗਈ, ਜਿਸਦਾ ਨਾਮ ਚਾਂਦ ਸੀ।

ਪਾਕਿਸਤਾਨ ਛੱਡਣ ਤੋਂ ਬਾਅਦ ਪਾਕਿਸਤਾਨੀ ਰਾਜਦੂਤ ਕਿਵੇਂ ਬਣੇ

ਫਿਰ ਵੀ ਇੱਕ ਬੁਝਾਰਤ ਬਣੀ ਹੋਈ ਸੀ ਕਿ ਭਾਰਤ ਅਤੇ ਪਾਕਿਸਤਾਨ ਦੋਵਾਂ ਨੂੰ, ਅਤੇ ਆਪਣੀ ਨੌਕਰੀ ਛੱਡ ਕੇ ਬ੍ਰਿਟੇਨ ਜਾ ਵਸੇ ਸੈਮੂਅਲ ਫਿਰ ਪਾਕਿਸਤਾਨ ਦੇ ਰਾਜਦੂਤ ਕਿਵੇਂ ਬਣ ਗਏ। ਨੋਏਲ ਪਾਰਸਨਸ ਦੱਸਦੀ ਹੈ ਕਿ ਵੰਡ ਵੇਲੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਜ਼ਫ਼ਰੁੱਲਾ ਖ਼ਾਨ ਇੱਕ ਤਰ੍ਹਾਂ ਨਾਲ ਉਨ੍ਹਾਂ ਦੇ ਗੌਡ-ਫਾਦਰ ਵਰਗੇ ਸਨ। ਉਨ੍ਹਾਂ ਨੇ ਹੀ ਸੈਮੂਅਲ ਮਾਰਟਿਨ ਬਰਕ ਨੂੰ ਮਨਾਇਆ ਅਤੇ ਉਨ੍ਹਾਂ ਤੋਂ ਪਾਕਿਸਤਾਨੀ ਵਿਦੇਸ਼ ਮੰਤਰਾਲਾ ਖੜ੍ਹਾ ਕਰਨ ਵਿੱਚ ਮਦਦ ਮੰਗੀ। ਉਦੋਂ ਸੈਮੂਅਲ ਮਾਰਟਿਨ ਬਰਕ ਲੰਡਨ ਵਿੱਚ ਪਾਕਿਸਤਾਨੀ ਰਾਜਦੂਤ ਬਣੇ ਅਤੇ ਉੱਥੇ ਪਾਕਿਸਤਾਨੀ ਦੂਤਘਰ ਸਥਾਪਤ ਕੀਤਾ। ਉੱਥੇ ਹੀ ਭੈਣ ਚਾਂਦ ਬਰਕ ਭਾਰਤ ਆ ਕੇ ਹਿੰਦੀ ਫ਼ਿਲਮਾਂ ਵਿੱਚ ਕੰਮ ਕਰਨ ਲੱਗ ਪਈ। ਸੈਮੂਅਲ ਅਤੇ ਚਾਂਦ ਦੇ ਪਿਤਾ ਦਾ ਨਾਮ ਜਨਾਬ ਖ਼ੈਰੂਦੀਨ ਸੀ, ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਬਰਕ ਦੇ ਤਖੱਲਸ ਹੇਠ ਸ਼ਾਇਰੀ ਲਿਖਦੇ ਸਨ। ਨੋਏਲ ਮੁਤਾਬਕ ਪਰਿਵਾਰ ਨੇ ਈਸਾਈ ਧਰਮ ਅਪਣਾ ਲਿਆ ਸੀ। 2009 ਵਿੱਚ ਸੀਨੀਅਰ ਪੱਤਰਕਾਰ ਸਾਜਿਦਾ ਮੋਮਿਨ ਨੇ 103 ਸਾਲ ਦੇ ਸੈਮੂਅਲ ਮਾਰਟਿਨ ਬਰਕ ਨਾਲ ਮੁਲਾਕਾਤ ਕੀਤੀ ਸੀ। ਗੱਲ ਕਰਦਿਆਂ ਸਾਜਿਦਾ ਮੋਮਿਨ ਨੇ ਸੈਮੂਅਲ ਮਾਰਟਿਨ ਬਰਕ ਨਾਲ ਜੁੜੇ ਕਈ ਕਿੱਸੇ ਸੁਣਾਏ। ਸਾਜਿਦਾ ਦੱਸਦੀ ਹੈ, "ਸੈਮੂਅਲ ਮਾਰਟਿਨ ਕ੍ਰਿਕਟ ਦੇ ਬਹੁਤ ਸ਼ੌਕੀਨ ਸਨ। ਨੋਏਲ ਨੇ ਦੱਸਿਆ ਸੀ ਕਿ ਅਣਵੰਡੇ ਭਾਰਤ ਦੇ ਸਮੇਂ ਦੀ ਗੱਲ ਹੈ ਜਦੋਂ ਇੱਕ ਮੈਚ ਵਿੱਚ ਉਨ੍ਹਾਂ ਦੇ ਪਿਤਾ ਨੇ ਪਟਿਆਲਾ ਦੇ ਮਹਾਰਾਜਾ ਨੂੰ ਆਊਟ ਕਰ ਦਿੱਤਾ ਸੀ। ਪਰ ਅੰਪਾਇਰ ਨੇ ਅਜਿਹਾ ਵਿਹਾਰ ਕੀਤਾ ਜਿਵੇਂ ਕੁਝ ਦੇਖਿਆ ਹੀ ਨਾ ਹੋਵੇ ਕਿਉਂਕਿ ਉਹ ਮਹਾਰਾਜਾ ਤੋਂ ਡਰਦੇ ਸਨ। ਸੈਮੂਅਲ ਮਾਰਟਿਨ ਬਰਕ ਨੇ ਅੰਪਾਇਰ ਦੇ ਫੈਸਲੇ ਨੂੰ ਚੁਣੌਤੀ ਵੀ ਦਿੱਤੀ ਪਰ ਮਹਾਰਾਜਾ ਨੇ ਇੰਜ ਦੇਖਿਆ ਕਿ ਅੰਪਾਇਰ ਨੇ ਫੈਸਲਾ ਨਹੀ ਬਦਲਿਆ। ਸੈਮੂਅਲ ਨੇ ਮੁਹੰਮਦ ਅਲੀ ਜਿਨਾਹ ਅਤੇ ਲਿਆਕਤ ਅਲੀ ਖ਼ਾਨ ਨਾਲ ਵੀ ਨੇੜਿਓ ਕੰਮ ਕੀਤਾ ਸੀ।"

ਰਾਜ ਕਪੂਰ ਨੇ ਦਿੱਤਾ ਚਾਂਦ ਬਰਕ ਨੂੰ ਮੌਕਾ

ਕੀ ਨੋਏਲ ਪਾਰਸਨਸ ਆਪਣੀ ਭੂਆ ਅਤੇ ਰਣਵੀਰ ਦੀ ਦਾਦੀ ਚਾਂਦ ਤੋਂ ਜਾਣੂ ਹਨ? ਇਸ 'ਤੇ ਫੋਨ ਦੇ ਦੂਜੇ ਪਾਸੇ ਨੋਏਲ ਨੇ ਹੱਸਦਿਆਂ ਕਿਹਾ, "ਕਿਉਂ ਨਹੀ, ਸ਼ੀ ਵਾਜ਼ ਮਾਈ ਆਂਟ (ਉਹ ਮੇਰੀ ਭੂਆ ਸੀ)।" ਚਾਂਦ ਦੀ ਪੁਰਾਣੀ ਤਸਵੀਰ ਨੂੰ ਪਲਟਦਿਆਂ, ਉਨ੍ਹਾਂ ਦੀ ਆਵਾਜ਼ ਦੀ ਖਣਕ ਅਤੇ ਚਿਹਰੇ ਦੀ ਮੁਸਕਾਨ ਨੂੰ ਮੈਂ ਬਿਨਾਂ ਦੇਖੇ ਵੀ ਮਹਿਸੂਸ ਕਰ ਪਾ ਰਹੀ ਸੀ। 'ਸਿਨੇਮਾਜ਼ੀ' ਭਾਰਤੀ ਫ਼ਿਲਮ ਇਤਿਹਾਸ ਨਾਲ ਜੁੜਿਆ ਇੱਕ ਡਾਕੂਮੈਂਟੇਸ਼ਨ ਪ੍ਰੋਜੈਕਟ ਹੈ ਜੋ ਖ਼ਾਸਕਰ ਬੀਤੇ ਜ਼ਮਾਨੇ ਦੇ ਕਲਾਕਾਰਾਂ ਨਾਲ ਜੁੜੀਆਂ ਚੀਜ਼ਾਂ ਨੂੰ ਆਰਕਾਈਵ ਕਰਦਾ ਹੈ। ਸਿਨੇਮਾਜ਼ੀ ਦੀ ਸਹਿ-ਸੰਸਥਾਪਕ ਆਸ਼ਾ ਬੱਤਰਾ ਦੱਸਦੀ ਹੈ, "ਚਾਂਦ ਬਰਕ ਹਿੰਦੀ ਅਤੇ ਪੰਜਾਬੀ ਫ਼ਿਲਮਾਂ ਦੀ ਮਸ਼ਹੂਰ ਅਦਾਕਾਰਾ ਸੀ। ਉਹ ਲਾਹੌਰ ਵਿੱਚ ਬਣੀਆਂ ਫ਼ਿਲਮਾਂ ਵਿੱਚ ਕੰਮ ਕਰਦੀ ਸੀ। ਆਪਣੇ ਡਾਂਸ ਲਈ ਮਸ਼ਹੂਰ ਚਾਂਦ ਨੂੰ 'ਡਾਂਸਿੰਗ ਲਿਲੀ ਆਫ਼ ਪੰਜਾਬ' ਕਿਹਾ ਜਾਂਦਾ ਸੀ।" ਆਸ਼ਾ ਬੱਤਰਾ ਦੱਸਦੀ ਹੈ ਕਿ ਵੰਡ ਤੋਂ ਬਾਅਦ ਚਾਂਦ ਕਈ ਸਾਲਾਂ ਤੱਕ ਗਾਇਬ ਹੀ ਹੋ ਗਈ ਸੀ, ਪਰ ਰਾਜ ਕਪੂਰ ਨੇ ਉਨ੍ਹਾਂ ਦੀ ਵਾਪਸੀ ਕਰਵਾਈ। ਜੇਕਰ ਤੁਸੀਂ ਫ਼ਿਲਮ 'ਬੂਟ ਪਾਲਿਸ਼' ਦੇਖੀ ਹੈ ਤਾਂ ਉਸ ਬੇਰਹਿਮ, ਲਾਲਚੀ ਅਤੇ ਲਗਭਗ ਜ਼ਾਲਮ ਔਰਤ ਦੇ ਕਿਰਦਾਰ ਨੂੰ ਭੁੱਲਣਾ ਮੁਮਕਿਨ ਨਹੀ ਹੈ, ਜੋ ਦੋ ਨੰਨ੍ਹੇ ਯਤੀਮ ਬੱਚਿਆਂ 'ਤੇ ਹੱਦ ਦਰਜੇ ਦਾ ਜ਼ਹਿਨੀ ਅਤੇ ਜਿਸਮਾਨੀ ਅੱਤਿਆਚਾਰ ਕਰਦੀ ਹੈ। ਇਹ ਕਿਰਦਾਰ ਚਾਂਦ ਨੇ ਹੀ ਨਿਭਾਇਆ ਸੀ। ਇਸ ਤੋਂ ਇਲਾਵਾ ਚਾਂਦ ਨੇ ਵੱਖ-ਵੱਖ ਫ਼ਿਲਮਾਂ ਵਿੱਚ 1950ਵਿਆਂ ਤੇ 1960ਵਿਆਂ ਵਿੱਚ ਚੰਗੇ ਕਿਰਦਾਰ ਨਿਭਾਏ ਸਨ। ਜੇ ਨਿੱਜੀ ਜ਼ਿੰਦਗੀ ਦੀ ਗੱਲ ਕਰੀਏ ਤਾਂ ਪਹਿਲਾਂ ਚਾਂਦ ਨੇ ਲੇਖਕ ਨਿਰਦੇਸ਼ਕ ਨਿਰੰਜਨ ਨਾਲ ਵਿਆਹ ਕਰਵਾਇਆ ਸੀ ਪਰ ਫਿਰ ਉਨ੍ਹਾਂ ਦਾ ਆਪਸੀ ਸਹਿਮਤੀ ਨਾਲ ਤਲਾਕ ਹੋ ਗਿਆ ਸੀ। ਚਾਂਦ ਨੇ ਬਾਅਦ ਵਿੱਚ ਸੁੰਦਰ ਸਿੰਘ ਭਵਨਾਨੀ ਨਾਲ ਵਿਆਹ ਕਰਵਾ ਲਿਆ। ਅਤੇ ਇਸੇ ਚਾਂਦ ਬਰਕ ਦੇ ਪੋਤੇ ਹਨ ਅੱਜ ਦੇ ਰਣਵੀਰ ਸਿੰਘ।

ਬਰਕ ਪਰਿਵਾਰ ਅਤੇ ਰਣਵੀਰ ਸਿੰਘ

ਸਾਜਿਦਾ ਨੇ ਦੱਸਿਆ ਕਿ ਜਦੋਂ 2009 ਵਿੱਚ ਉਹ ਸੈਮੂਅਲ ਮਾਰਟਿਨ ਬਰਕ ਨੂੰ ਮਿਲੀ ਸੀ ਤਾਂ ਉਨ੍ਹਾਂ ਦਾ 103ਵਾਂ ਜਨਮ ਦਿਨ ਸੀ ਅਤੇ ਉਨ੍ਹਾਂ ਨੂੰ ਭਾਰਤ ਦੇ ਵੀ ਕਈ ਆਈਏਐਸ ਅਫ਼ਸਰਾਂ ਵੱਲੋਂ ਸ਼ੁਭਕਾਮਨਾਵਾਂ ਮਿਲੀਆਂ ਸਨ ਕਿਉਂਕਿ ਉਦੋਂ ਉਹ ਅਣਵੰਡੇ ਭਾਰਤ ਦੀ ਇੰਡੀਅਨ ਸਿਵਲ ਸਰਵਿਸ ਦੇ ਸਭ ਤੋਂ ਲੰਬੇ ਸਮੇਂ ਤੱਕ ਜਿਉਂਦੇ ਰਹਿਣ ਵਾਲੇ ਮੈਂਬਰ ਸਨ। ਵਾਪਸ 'ਧੁਰੰਧਰ' ਅਤੇ ਬਰਕ ਪਰਿਵਾਰ 'ਤੇ ਪਰਤੀਏ, ਤਾਂ ਇੱਕ ਭਰਾ ਜੋ ਭਾਰਤੀ ਜੱਜ ਹੁੰਦਿਆਂ ਪਾਕਿਸਤਾਨ ਦਾ ਨਾਮੀ ਡਿਪਲੋਮੈਟ ਬਣਿਆ ਅਤੇ ਇੱਕ ਭੈਣ ਅਦਾਕਾਰਾ, ਜਿਸਨੇ ਰਾਜ ਕਪੂਰ, ਨਰਗਿਸ, ਨਿੰਮੀ, ਪ੍ਰਦੀਪ ਕੁਮਾਰ, ਪ੍ਰਾਣ, ਮਨੋਜ ਕੁਮਾਰ ਨਾਲ ਕੰਮ ਕੀਤਾ। ਫਿਰ ਉਸੇ ਪਰਿਵਾਰ ਵਿੱਚ ਸਮਾਂ ਬਦਲਦਾ ਹੈ, ਪੀੜ੍ਹੀਆਂ ਬਦਲਦੀਆਂ ਹਨ ਅਤੇ ਇੱਕ ਪੁੱਤਰ, ਰਣਵੀਰ ਸਿੰਘ ਬਾਲੀਵੁੱਡ ਦਾ ਮਸ਼ਹੂਰ ਹੀਰੋ ਬਣ ਜਾਂਦਾ ਹੈ। ਕੀ ਸੈਮੂਅਲ ਮਾਰਟਿਨ ਬਰਕ ਦੀ ਬ੍ਰਿਟੇਨ ਵਿੱਚ ਵੱਸੀ ਧੀ ਨੋਏਲ ਭਾਰਤ ਦੇ ਰਣਵੀਰ ਸਿੰਘ ਬਾਰੇ ਜਾਣਦੀ ਹੈ? ਮੇਰਾ ਸਵਾਲ ਖ਼ਤਮ ਹੋਣ ਤੋਂ ਪਹਿਲਾਂ ਹੀ ਨੋਏਲ ਝੱਟਪੱਟ ਕਹਿੰਦੀ ਹੈ - ਹਾਂ। ਪਰ ਦੋਵਾਂ ਦਾ ਕਦੇ ਰਾਬਤਾ ਨਹੀ ਹੋਇਆ। ਬਿਲਕੁਲ ਉਵੇਂ ਹੀ ਜਿਵੇਂ ਕਦੇ-ਕਦੇ ਵੱਖ-ਵੱਖ ਮੁਲਕਾਂ ਵਿੱਚ ਰਹਿਣ ਵਾਲੀਆਂ ਪੀੜ੍ਹੀਆਂ ਸਾਲ-ਦਰ-ਸਾਲ ਇੱਕ ਦੂਜੇ ਤੋਂ ਦੂਰ ਹੋ ਜਾਂਦੀਆਂ ਹਨ। 'ਧੁਰੰਧਰ' ਦਾ ਦੂਜਾ ਭਾਗ ਵੀ ਰਿਲੀਜ਼ ਹੋ ਚੁੱਕਿਆ ਹੈ। ਜਿੱਥੇ ਇੱਕ ਪਾਸੇ ਫ਼ਿਲਮ ਦੀ ਕਹਾਣੀ, ਐਕਟਿੰਗ ਅਤੇ ਗੀਤਾਂ ਦੀ ਖ਼ੂਬ ਤਾਰੀਫ਼ ਹੋਈ ਸੀ, ਉੱਥੇ ਹੀ ਕਈ ਲੋਕਾਂ ਨੇ ਫ਼ਿਲਮ ਦੀ ਇਹ ਕਹਿ ਕੇ ਆਲੋਚਨਾ ਵੀ ਕੀਤੀ ਸੀ ਕਿ ਇਸ ਵਿੱਚ ਪ੍ਰਾਪੇਗੰਡਾ ਹੈ। ਹਾਲਾਂਕਿ, ਬਾਕਸ ਆਫ਼ਿਸ 'ਤੇ ਫ਼ਿਲਮ ਨੇ ਤਾਬੜਤੋੜ ਕਮਾਈ ਕੀਤੀ ਸੀ।

ਹੋਲੋਗ੍ਰਾਮ ਤਕਨੀਕ ਕੀ ਹੈ ਜਿਸ ਨਾਲ ਹੋਵੇਗਾ ਸਿੱਧੂ ਮੂਸੇਵਾਲੇ ਦਾ 'ਸਾਈਨਡ ਟੂ ਗੌਡ' ਵਰਲਡ ਟੂਰ

ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਹੋਲੋਗ੍ਰਾਮ-ਅਧਾਰਿਤ ਵਿਸ਼ਵ ਟੂਰ ਕਰਨ ਵਾਲੇ ਪਹਿਲੇ ਭਾਰਤੀ ਕਲਾਕਾਰ ਬਣਨ ਲਈ ਤਿਆਰ ਹਨ। ਉਨ੍ਹਾਂ ਦੇ 'ਸਾਈਨਡ ਟੂ ਗੌਡ ਵਰਲਡ ਟੂਰ' ਦਾ ਟੀਜ਼ਰ ਸੋਸ਼ਲ ਮੀਡੀਆ ਉੱਤੇ ਖ਼ੂਬ ਵਾਇਰਲ ਹੋ ਰਿਹਾ ਹੈ। ਇਹ ਟੂਰ ਦੁਨੀਆ ਭਰ ਦੇ ਪ੍ਰਸ਼ੰਸਕਾਂ ਲਈ ਮੂਸੇਵਾਲਾ ਦੀ ਸਟੇਜ ਮੌਜੂਦਗੀ ਨੂੰ ਮੁੜ ਸੁਰਜੀਤ ਕਰਨ ਲਈ ਹੋਲੋਗ੍ਰਾਮ ਤਕਨਾਲੋਜੀ ਦੀ ਵਰਤੋਂ ਕਰੇਗਾ। ਇਸ ਤੋਂ ਪਹਿਲਾਂ, ਟੂਪੈਕ ਸ਼ਕੂਰ, ਵਿਟਨੀ ਹਿਊਸਟਨ, ਮਾਈਕਲ ਜੈਕਸਨ, ਰਾਏ ਔਰਬਿਸਨ ਅਤੇ ਫ੍ਰੈਂਕ ਜ਼ੱਪਾ ਸਮੇਤ ਕਈ ਗਲੋਬਲ ਸਿਤਾਰੇ ਹੋਲੋਗ੍ਰਾਮ ਟੂਰ ਰਾਹੀ ਮਰਨ ਉਪਰੰਤ ਪਰਫੌਰਮੰਸ ਚੁੱਕੇ ਹਨ। ਇਸ ਦੇ ਨਾਲ ਹੀ ਇੱਕ ਅਧਿਕਾਰਤ ਵੈੱਬਸਾਈਟ ਸਾਈਨ ਟੂ ਗੌਡ ਵੀ "ਹਾਲੇ ਮੁਕੇਆ ਨਹੀ ਸਿੱਧੂ ਮੂਸੇਵਾਲਾ" ਟੈਗਲਾਈਨ ਨਾਲ ਲਾਂਚ ਕੀਤੀ ਗਈ ਹੈ। ਇਹ ਟੂਰ ਭਾਰਤ, ਪਾਕਿਸਤਾਨ, ਅਮਰੀਕਾ, ਕੈਨੇਡਾ, ਯੂਕੇ, ਯੂਏਈ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਸਮੇਤ ਅੱਠ ਦੇਸ਼ਾਂ 'ਚ ਹੋਵੇਗਾ। ਹਰ ਕਿਸੇ ਦੇ ਜ਼ਹਿਨ ਵਿੱਚ ਇਹ ਹੀ ਸਵਾਲ ਹੈ ਕਿ ਆਖ਼ਰ ਕਿਵੇਂ ਇਹ ਟੂਰ ਮੁਮਕਿਨ ਹੈ। 29 ਮਈ 2022 ਨੂੰ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਹੁਣ ਤੱਕ ਉਨ੍ਹਾਂ ਦੇ 10 ਤੋਂ ਵੱਧ ਗਾਣੇ ਰਿਲੀਜ਼ ਕੀਤੇ ਜਾ ਚੁੱਕੇ ਹਨ।

ਮੂਸੇਵਾਲਾ ਦੀ ਟੀਮ ਵੱਲੋਂ ਸ਼ੇਅਰ ਕੀਤੀ ਗਈ ਸਾਈਟ ਸਾਈਨ ਟੂ ਗੌਡ ਦੇ ਮੁਤਾਬਕ, "ਇਹ ਹੋਲੋਗ੍ਰਾਮ ਸ਼ੋਅ ਹੋਵੇਗਾ।" ਸਾਈਟ ਉੱਤੇ ਸਾਂਝੀ ਕੀਤੀ ਗਈ ਜਾਣਕਾਰੀ ਵਿੱਚ ਲਿਖਿਆ ਗਿਆ ਕਿ "ਇਹ ਉਨ੍ਹਾਂ ਦਾ ਪਹਿਲਾ ਹੋਲੋਗ੍ਰਾਮ ਟੂਰ ਮੂਸੇਵਾਲਾ ਨੂੰ ਸ਼ਰਧਾਂਜਲੀ ਹੋਵੇਗੀ ਜਿਸ ਵਿੱਚ ਤਕਨੀਕ ਅਤੇ ਭਾਵਨਾਵਾਂ ਦਾ ਸੁਮੇਲ ਤੁਹਾਨੂੰ ਦੇਖਣ ਨੂੰ ਮਿਲੇਗਾ। ਦੁਨੀਆਂ ਭਰ ਵਿੱਚ ਮੌਜੂਦ ਉਨ੍ਹਾਂ ਦੇ ਫੈਨ

ਮੰਤਰੀ ਅਰੋੜਾ ਵੱਲੋਂ 1.74 ਕਰੋੜ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ

ਲੁਧਿਆਣਾ, 20 ਮਾਰਚ (ਵਿਸ਼ਾਲ ਸ਼ਰਮਾ): ਨੌਜਵਾਨਾਂ ਵਿੱਚ ਬੁਨਿਆਦੀ ਢਾਂਚੇ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਵੱਡੇ ਉਤਸ਼ਾਹ ਵਜੋਂ, ਸਥਾਨਕ ਸਰਕਾਰਾਂ, ਉਦਯੋਗ ਅਤੇ ਵਣਜ, ਬਿਜਲੀ ਅਤੇ ਨਿਵੇਸ਼ ਪ੍ਰੋਤਸਾਹਨ ਲਈ ਕੈਬਨਿਟ ਮੰਤਰੀ, ਸੰਜੀਵ ਅਰੋੜਾ ਨੇ ਸ਼ੁੱਕਰਵਾਰ ਨੂੰ ਸ਼ਹਿਰ ਵਿੱਚ ਲੱਗਭੱਗ 1.74 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ।

ਸ਼ੁੱਕਰਵਾਰ ਨੂੰ ਉਦਘਾਟਨ ਕੀਤੇ ਗਏ ਪ੍ਰੋਜੈਕਟਾਂ ਵਿੱਚ ਲੱਗਭੱਗ 91 ਲੱਖ ਰੁਪਏ ਦੀ ਲਾਗਤ ਨਾਲ ਸਥਾਪਿਤ ਚਿਲਡਰਨ ਡੇ (ਸਿਵਲ ਹਸਪਤਾਲ ਦੇ ਪਿਛਲੇ ਪਾਸੇ) ਦੇ ਨੇੜੇ ਇੱਕ ਬਹੁ-ਮੰਤਵੀ ਖੇਡ ਪਾਰਕ ਸ਼ਾਮਲ ਸੀ; ਲੱਗਭੱਗ 38 ਲੱਖ ਰੁਪਏ ਦੀ ਲਾਗਤ ਨਾਲ ਜੈਮਲ ਸਿੰਘ ਰੋਡ 'ਤੇ ਵਿਸ਼ਵਕਰਮਾ ਪਾਰਕ ਦਾ ਪੁਨਰ ਵਿਕਾਸ ਅਤੇ ਲੱਗਭੱਗ 45 ਲੱਖ ਰੁਪਏ ਦੀ ਲਾਗਤ ਨਾਲ ਐਸਏਐਸ ਨਗਰ ਵਿੱਚ ਢੋਲੇਵਾਲ ਮਿਲਟਰੀ ਕੰਪਲੈਕਸ ਦੇ ਪਿਛਲੇ ਪਾਸੇ ਸੀਵਰ ਲਾਈਨਾਂ ਵਿਛਾਉਣਾ ਸ਼ਾਮਲ ਸੀ।

ਕੈਬਨਿਟ ਮੰਤਰੀ ਅਰੋੜਾ ਨੇ ਕਿਹਾ ਕਿ ਬਹੁ-ਮੰਤਵੀ ਖੇਡ ਪਾਰਕ ਉਸ ਜਗ੍ਹਾ ਨੂੰ ਬਦਲ ਕੇ ਸਥਾਪਿਤ ਕੀਤਾ ਗਿਆ ਹੈ ਜੋ ਦਹਾਕਿਆਂ ਤੋਂ ਖੰਡਰ ਪਈ ਸੀ ਅਤੇ ਕੂੜਾ ਸੁੱਟਣ ਵਾਲੀ ਜਗ੍ਹਾ ਵਜੋਂ ਵਰਤੀ ਜਾਂਦੀ ਸੀ। ਸਪੋਰਟਸ ਪਾਰਕ ਵਿੱਚ ਚਾਰ ਮੈਦਾਨ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਇੱਕ ਕ੍ਰਿਕਟ ਗਰਾਊਂਡ (ਬਾਕਸ ਕ੍ਰਿਕਟ), ਪਿਕਲਬਾਲ, ਵਾਲੀਬਾਲ ਅਤੇ ਬਾਸਕਟਬਾਲ ਸ਼ਾਮਲ ਹਨ। ਇਹ ਸਪੋਰਟਸ ਪਾਰਕ ਲੱਗੱਗ 91 ਲੱਖ ਰੁਪਏ ਦੀ ਲਾਗਤ ਨਾਲ ਸਥਾਪਿਤ ਕੀਤਾ ਗਿਆ ਹੈ। ਇਸ ਜਗ੍ਹਾ 'ਤੇ ਹੁਣ ਗੁਣਵੱਤਾ ਵਾਲਾ ਖੇਡ ਬੁਨਿਆਦੀ ਢਾਂਚਾ ਸਥਾਪਤ ਕੀਤਾ ਗਿਆ ਹੈ, ਜੋ ਨੌਜਵਾਨਾਂ ਵਿੱਚ ਖੇਡਾਂ ਦੇ ਸੱਭਿਆਚਾਰ ਨੂੰ ਵਿਕਸਤ ਕਰੇਗਾ ਅਤੇ ਉਨ੍ਹਾਂ ਨੂੰ ਨਸ਼ਿਆਂ ਦੇ ਖ਼ਤਰੇ ਤੋਂ ਦੂਰ ਕਰੇਗਾ। ਇਹ ਖੇਡ ਸਹੂਲਤ ਨਿਵਾਸੀਆਂ ਲਈ ਮੁਫਤ ਉਪਲੱਬਧ ਹੋਵੇਗੀ। ਸਪੋਰਟਸ ਪਾਰਕ ਦਾ ਉਦਘਾਟਨ ਕਰਦੇ ਹੋਏ, ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਨੌਜਵਾਨਾਂ ਨਾਲ ਖੇਡਾਂ ਵੀ ਖੇਡੀਆਂ। ਇਸ ਤੋਂ ਇਲਾਵਾ, ਕੈਬਨਿਟ ਮੰਤਰੀ ਅਰੋੜਾ ਨੇ ਢੋਲੇਵਾਲ ਮਿਲਟਰੀ ਕੰਪਲੈਕਸ ਦੇ ਪਿਛਲੇ ਪਾਸੇ ਸਥਿਤ ਸਾਹਿਬਜਾਦਾ ਅਜੀਤ ਸਿੰਘ (ਐਸ.ਏ.ਐਸ.) ਨਗਰ ਵਿੱਚ ਸੀਵਰੇਜ ਲਾਈਨਾਂ ਵਿਛਾਉਣ ਦੇ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਇਹ ਪ੍ਰੋਜੈਕਟ ਲੱਗਭੱਗ 45 ਲੱਖ ਰੁਪਏ ਦੀ ਲਾਗਤ ਨਾਲ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਮੌਕੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ, ਵਿਧਾਇਕ ਕੁਲਵੰਤ ਸਿੰਘ ਸਿੱਧੂ, ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ, ਡਿਪਟੀ ਮੇਅਰ ਪ੍ਰਿੰਸ ਜੌਹਰ, ਨਗਰ ਨਿਗਮ ਦੇ ਕਮਿਸ਼ਨਰ ਡਾ: ਨੀਰੂ ਕਤਿਆਲ ਗੁਪਤਾ, ਸੰਯੁਕਤ ਕਮਿਸ਼ਨਰ ਵਿਨੀਤ ਕੁਮਾਰ, ਏਡੀਸੀ ਮਨਜੀਤ ਸਿੰਘ ਚੀਮਾ, ਸੰਯੁਕਤ ਕਮਿਸ਼ਨਰ ਅਮਨਪ੍ਰੀਤ ਸਿੰਘ, ਜੁਆਇੰਟ ਕਮਿਸ਼ਨਰ ਗੁਰਪਾਲ ਸਿੰਘ ਦੀਪਜੋਤ, ਜੁਆਇੰਟ ਕਮਿਸ਼ਨਰ ਗੁਰਪਾਲ ਸਿੰਘ ਦੀਪਜੋਤ, ਡਿਪਟੀ ਮੇਅਰ ਡਾ. ਉਦਘਾਟਨੀ ਸਮਾਰੋਹ ਦੌਰਾਨ ਸੁਰਿੰਦਰ ਕੌਰ ਮੰਨਾ, ਸੋਹਣ ਸਿੰਘ ਗੋਗਾ, ਕਪਿਲ ਸੋਨੂੰ ਆਦਿ ਹਾਜ਼ਰ ਸਨ।

ਤਰਕਸ਼ੀਲ ਸੁਸਾਇਟੀ ਨੇ ਕਿਸਾਨ ਮੇਲੇ 'ਤੇ ਦਿੱਤਾ ਕਿਤਾਬਾਂ ਰਾਹੀਂ ਤਰਕਸ਼ੀਲ ਵਿਚਾਰਾਂ ਦਾ ਛਿੱਟਾ

ਲੁਧਿਆਣਾ, 20 ਮਾਰਚ (ਰਵਿੰਦਰ ਸਿੰਘ ਨਿੱਝਰ) : ਪੀ.ਏ.ਯੂ. ਲੁਧਿਆਣਾ ਵਿਖੇ ਲੱਗੇ ਦੋ ਦਿਨਾਂ ਕਿਸਾਨ ਮੇਲੇ ਦੌਰਾਨ ਤਰਕਸ਼ੀਲ ਸੁਸਾਇਟੀ ਪੰਜਾਬ ਨੇ ਆਪਣੀ ਤਰਕਸ਼ੀਲ ਅਤੇ ਅਗਾਂਹ ਵਧੂ ਸਾਹਿਤ ਦੀ ਸਟਾਲ ਰਾਹੀਂ ਤਰਕਸ਼ੀਲ ਵਿਚਾਰਾਂ ਦਾ ਛਿੱਟਾ ਦਿੱਤਾ। ਇਸ ਦਿਨ ਭਾਵੇਂ ਮੌਸਮ ਦੀ ਖ਼ਰਾਬੀ ਕਾਰਣ ਲੋਕਾਂ ਦੀ ਆਮਦ ਪਹਿਲਾਂ ਦੇ ਮੁਕਾਬਲੇ ਘੱਟ ਰਹੀ , ਪਰ ਚੰਗਾ ਸਾਹਿਤ ਖ਼ਰੀਦਣ ਵਿੱਚ ਚੰਗੀ ਰੁੱਚੀ ਵਿਖਾਈ। ਪਾਠਕਾਂ ਵੱਲੋਂ ਸੁਸਾਇਟੀ ਦੇ ਤਰਕਸ਼ੀਲ ਮੈਗਜ਼ੀਨ ਦੇ ਸਲਾਨਾ ਚੰਦੇ ਵੀ ਉਤਸ਼ਾਹ ਨਾਲ ਭਰੇ। ਤਰਕਸ਼ੀਲ ਸੁਸਾਇਟੀ ਪੰਜਾਬ ਦੀ ਲੁਧਿਆਣਾ ਇਕਾਈ ਵੱਲੋਂ ਇਸ ਸਟਾਲ ਵਿੱਚ ਲਗਾਈ ਤਰਕਸ਼ੀਲ ਪ੍ਰਦਰਸ਼ਨੀ ਵੀ ਦਰਸ਼ਕਾਂ ਨੂੰ ਪ੍ਰਭਾਵਤ ਕਰਨ ਲਈ ਸਫ਼ਲ ਰਹੀ, ਜਿਸ ਵਿੱਚ ਸੁਸਾਇਟੀ ਵੱਲੋਂ ਮਾਨਸਿਕ ਰੋਗੀਆਂ ਦੇ ਲਹਾਏ ਗਏ ਤਵੀਜ ਅਤੇ ਵੱਖ ਵੱਖ ਵਿਗਿਆਨੀਆਂ, ਸਮਾਜ ਚਿੰਤਕਾਂ ਦੀਆਂ ਲਿਖਤਾਂ ਵਾਲੇ ਚਾਰਟ ਦਿਲਚਸਪ ਬਣੇ ਰਹੇ। ਤਰਕਸ਼ੀਲ ਸਾਹਿਤ ਵੈਨ ਦੇ ਪ੍ਰਬੰਧਕ ਮੋਹਨ ਬਡਲਾ ਅਤੇ ਜਸਵੀਰ ਸੋਨੀ ਵੱਲੋਂ ਕਿਤਾਬਾਂ ਦਾ ਭੰਡਾਰ ਲਿਆ ਕੇ ਜ਼ੁੰਮੇਵਾਰੀ ਨਿਭਾਈ।

ਇਸ ਮੌਕੇ ਤਰਕਸ਼ੀਲ ਜ਼ੋਨ ਲੁਧਿਆਣਾ ਦੇ ਜੱਥੇਬੰਦਕ ਮੁਖੀ ਜਸਵੰਤ ਜ਼ੀਰਖ, ਵਿੱਤ ਮੁਖੀ ਧਰਮਪਾਲ ਸਿੰਘ, ਇਕਾਈ ਮੁਖੀ ਬਲਵਿੰਦਰ ਸਿੰਘ, ਰਾਕੇਸ਼ ਆਜ਼ਾਦ, ਦੀਪ ਦਿਲਬਰ, ਸਤੀਸ਼ ਸੱਚਦੇਵਾ ਨੇ ਸਮੁੱਚੇ ਪ੍ਰਬੰਧਾਂ ਲਈ ਜ਼ੁੰਮੇਵਾਰੀ ਨਿਭਾਈ ।

ਸ੍ਰੀ ਗੁਰੂ ਅਮਰਦਾਸ ਜੀ ਦੇ ਗੁਰਿਆਈ ਦਿਵਸ ਨੂੰ ਸਮਰਪਿਤ ਕੀਰਤਨ ਸਮਾਗਮ

ਲੁਧਿਆਣਾ, 20 ਮਾਰਚ (ਰਵਿੰਦਰ ਸਿੰਘ ਨਿੱਝਰ) : ਸੇਵਾ ਤੇ ਭਗਤੀ ਦੇ ਪੁੰਜ ਤੀਜੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਕਲਿਆਣਕਾਰੀ ਸਿੱਖਿਆਵਾਂ ਸਮੁੱਚੀ ਮਾਨਵਤਾ ਨੂੰ ਸੇਵਾ ਦੇ ਸੰਕਲਪ ਨਾਲ ਜੁੜਨ ਦਾ ਸ਼ੰਦੇਸ਼ ਦਿੰਦੀਆਂ ਹਨ।ਗੁਰੂ ਸਾਹਿਬ ਨੇ ਆਪਣੀ ਸਾਰੀ ਜਿੰਦਗੀ ਅਕਾਲ ਪੁਰਖ ਦੀ ਸੱਚੇ ਦਿਲੋਂ ਬੰਦਗੀ ਕਰਨ ਵਿੱਚ ਹੀ ਨਹੀ ਲਗਾਈ, ਬਲਕਿ ਸਮੁੱਚੀ ਲੋਕਾਈ ਦੇ ਲਈ ਭਲੇ ਦੇ ਕਾਰਜ ਕਰਕੇ ਸੇਵਾ ਤੇ ਸਿਮਰਨ ਦੀ ਮਿਸਾਲ ਵੀ ਕਾਇਮ ਕੀਤੀ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਸਾਹਿਬ ਸਿੰਘ ਜੀ ਹਜੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਬੀਤੀ ਰਾਤ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਂਸ਼ਨ ਵਿਖੇ ਤੀਜੇ ਪਾਤਿਸ਼ਾਹ ਸ਼੍ਰੀ ਗੁਰੂ ਅਮਰਦਾਸ ਜੀ ਦੇ ਗੁਰਿਆਈ ਦਿਵਸ ਨੂੰ ਸਮਰਪਿਤ ਕੀਰਤਨ ਸਮਾਗਮ ਦੌਰਾਨ ਕੀਤਾ। ਭਾਈ ਸਾਹਿਬ ਸਿੰਘ ਦੇ ਕੀਰਤਨੀ ਜੱਥੇ ਨੇ ਗੁਰੂ ਸਾਹਿਬਾਂ ਵੱਲੋਂ ਉਚਰੀ ਇਲਾਹੀ ਇਲਾਹੀ ਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ। ਸਮਾਗਮ ਅੰਦਰ ਮਹਿੰਦਰ ਸਿੰਘ ਡੰਗ, ਅਤੱਰ ਸਿੰਘ ਮਕੱੜ ਰਜਿੰਦਰ ਸਿੰਘ ਡੰਗ, ਭੁਪਿੰਦਰ ਸਿੰਘ ਅਰੋੜਾ, ਹਰਪਾਲ ਸਿੰਘ ਖਾਲਸਾ, ਬਲਬੀਰ ਸਿੰਘ ਭਾਟੀਆ, ਹਰਮੀਤ ਸਿੰਘ ਡੰਗ, ਸੁਖਵਿੰਦਰ ਸਿੰਘ ਹੈਪੀ ਕੋਚਰ, ਹਰਵਿੰਦਰ ਸਿੰਘ ਕੋਹਲੀ ਅਤੇ ਗੁਰਦੀਪ ਸਿੰਘ ਵੀ ਹਾਜ਼ਰ ਸਨ।

ਬਾਗ਼ਬਾਨੀ ਵਿਭਾਗ ਲੁਧਿਆਣਾ ਦੇਸ਼ ਭਰ 'ਚ ਅੱਵਲ

ਲੁਧਿਆਣਾ, 20 ਮਾਰਚ (ਵਿਸ਼ਾਲ ਸ਼ਰਮਾ/ਸੰਜੀਵ ਲਹਿਲ) : ਬਾਗਬਾਨੀ ਵਿਭਾਗ, ਲੁਧਿਆਣਾ ਨੇ ਏ.ਆਈ.ਐਫ. ਸਕੀਮ ਅਧੀਨ ਦੇਸ਼ ਭਰ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਬਾਗਬਾਨੀ ਮੰਤਰੀ, ਪੰਜਾਬ ਮਹਿੰਦਰ ਭਗਤ ਵੱਲੋਂ ਜ਼ਿਲ੍ਹਾ ਲੁਧਿਆਣਾ ਨੂੰ ਪਹਿਲੇ ਰੈਂਕ 'ਤੇ ਆਉਣ ਦੀ ਮੁਬਾਰਕਬਾਦ ਦਿੰਦਿਆਂ ਭਵਿੱਖ ਵਿੱਚ ਹੋਰ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਗਿਆ। ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਐਗਰੀਕਲਚਰ ਇੰਨਫਰਾਸਟਰੱਕਚਰ ਫੰਡਜ਼ (ਏ.ਆਈ.ਐਫ.) ਸਕੀਮ ਨੂੰ ਰਾਜ ਵਿੱਚ ਲਾਗੂ ਕਰਨ ਲਈ ਬਾਗਬਾਨੀ ਵਿਭਾਗ ਪੰਜਾਬ ਨੂੰ ਬਤੌਰ ਨੋਡਲ ਏਜੰਸੀ ਬਣਾਇਆ ਗਿਆ ਹੈ, ਜਿਸ ਵਿੱਚ ਪੂਰੇ ਦੇਸ਼ ਵਿੱਚੋਂ ਪੰਜਾਬ ਰਾਜ ਨੇ ਲਗਾਤਾਰ ਦੂਜੀ ਵਾਰ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਬਾਗਬਾਨੀ ਵਿਭਾਗ ਪੰਜਾਬ ਵੱਲੋਂ ਮਗਸੀਪਾ (ਚੰਡੀਗੜ੍ਹ) ਵਿਖੇ ਡਾਇਰੈਕਟਰ ਬਾਗਬਾਨੀ ਪੰਜਾਬ ਮਨੀਸ਼ ਕੁਮਾਰ, ਆਈ.ਐਫ.ਐਸ. ਦੀ ਯੋਗ ਅਗਵਾਈ ਹੇਠ ਆਯੋਜਿਤ ਕੀਤੀ ਰਾਜ ਪੱਧਰੀ ਕਾਨਫਰੰਸ ਦੌਰਾਨ ਵਧੀਆ ਕਾਰਗੁਜ਼ਾਰੀ ਲਈ ਜ਼ਿਲ੍ਹਿਆਂ ਅਤੇ ਬੈਂਕਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਕਾਨਫਰੰਸ ਵਿੱਚ ਬਾਗਬਾਨੀ ਮੰਤਰੀ ਪੰਜਾਬ ਮਹਿੰਦਰ ਭਗਤ ਮੁੱਖ ਮਹਿਮਾਨ ਅਤੇ ਪ੍ਰੰਬਧਕੀ ਸਕੱਤਰ ਬਾਗਬਾਨੀ ਪੰਜਾਬ ਅਰਸ਼ਦੀਪ ਸਿੰਘ ਥਿੰਦ (ਆਈ.ਏ.ਐਸ.) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਜ਼ਿਲ੍ਹਾ ਲੁਧਿਆਣਾ ਨੂੰ ਪੂਰੇ ਦੇਸ਼ ਵਿੱਚੋਂ ਪਹਿਲੇ ਨੰਬਰ 'ਤੇ ਆਉਣ 'ਤੇ ਡਿਪਟੀ ਕਮਿਸ਼ਨਰ, ਲੁਧਿਆਣਾ ਦੇ ਪ੍ਰਤਿਨਿਧੀ ਵਜੋਂ ਜਸ਼ਨਪ੍ਰੀਤ ਕੌਰ, ਵਧੀਕ ਡਿਪਟੀ ਕਮਿਸ਼ਨਰ, ਖੰਨਾ, ਡਾ. ਦਲਬੀਰ ਸਿੰਘ, ਡਿਪਟੀ ਡਾਇਰੈਕਟਰ ਬਾਗਬਾਨੀ, ਲੁਧਿਆਣਾ, ਡੀ.ਡੀ.ਐਮ. ਨਬਾਰਡ ਅਤੇ ਲੀਡ ਜ਼ਿਲ੍ਹਾ ਮੈਨੇਜਰ, ਲੁਧਿਆਣਾ ਨੂੰ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਏ.ਆਈ.ਐਫ. ਸਕੀਮ ਤਹਿਤ ਜ਼ਿਲ੍ਹਾ ਲੁਧਿਆਣਾ ਦੇ ਸਭ ਤੋਂ ਵੱਧ 3650 ਪ੍ਰੋਜੈਕਟਾਂ ਮੰਨਜੂਰ ਹੋਏ, ਜਿਸ ਵਿੱਚ 2760 ਕਿਸਾਨ, 863 ਐਗਰੀ ਐਂਟਰਪਨਿਓਰ, 8 ਐਫ.ਪੀ.ਓ, 8 ਪੀ.ਏ.ਐਸ, 6 ਸਟਾਰਟ-ਅੱਪ ਅਤੇ 5 ਮਲਟੀਪਰਪਜ਼ ਕੋਅਪਰੇਟਿਵ ਸ਼ਾਮਿਲ ਹਨ। ਇਸ ਮੌਕੇ ਡਾ. ਹਰਮੇਲ ਸਿੰਘ, ਸਯੁੰਕਤ ਡਾਇਰੈਕਟਰ ਬਾਗਬਾਨੀ, ਡਾ. ਗੁਰਸ਼ਰਨ ਸਿੰਘ, ਸਯੁੰਕਤ ਡਾਇਰੈਕਟਰ ਬਾਗਬਾਨੀ, ਡਾ. ਹਰਪ੍ਰੀਤ ਸਿੰਘ ਸੇਠੀ, ਡਿਪਟੀ ਡਾਇਰੈਕਟਰ ਬਾਗਬਾਨੀ, ਐਸ.ਏ. ਐਸ. ਨਗਰ ਅਤੇ ਡਾ. ਵਿਜੈ ਪ੍ਰਤਾਪ, ਸਹਾਇਕ ਡਾਇਰੈਕਟਰ ਬਾਗਬਾਨੀ, ਲੁਧਿਆਣਾ ਵੀ ਮੌਜੂਦ ਸਨ।

ਲੀਲ ਅਕਾਲੀ ਦਲ ਬੀਸੀ ਵਿੰਗ ਦੇ ਜ਼ਿਲ੍ਹਾ ਲੁਧਿਆਣਾ ਸ਼ਹਿਰੀ ਦੇ ਪ੍ਰਧਾਨ ਨਿਯੁਕਤ

ਲੁਧਿਆਣਾ, 20 ਮਾਰਚ (ਰਵਿੰਦਰ ਸਿੰਘ ਨਿੱਝਰ): ਸ਼੍ਰੋਮਣੀ ਅਕਾਲੀ ਦਲ ਵਿੱਚ ਪਿਛਲੇ ਲੰਮੇ ਸਮੇ ਨਿਸ਼ਕਾਮ ਸੇਵਾ ਨਿਭਾਅ ਰਹੇ ਗੁਰਦੀਪ ਸਿੰਘ ਲੀਲ ਨੂੰ ਪਾਰਟੀ ਨੇ ਅਕਾਲੀ ਦਲ ਦੇ ਬੀਸੀ ਬਿੰਗ ਦਾ ਜ਼ਿਲ੍ਹਾ ਲੁਧਿਆਣਾ ਸ਼ਹਿਰੀ ਦਾ ਪ੍ਰਧਾਨ ਨਿਯੁਕਤ ਕੀਤਾ ਹੈ। ਸ੍ਰ ਲੀਲ ਨੇ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਸ਼੍ਰੋਮਣੀ ਅਕਾਲੀ ਦਲ ਬੀ ਸੀ ਵਿੰਗ ਦੇ ਕੌਮੀ ਪ੍ਰਧਾਨ ਅਤੇ ਸਾਬਕਾ ਮੰਤਰੀ ਜਥੇਦਾਰ ਹੀਰਾ ਸਿੰਘ ਗਾਬੜੀਆ ਜੀ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਦਾਸ ਨੂੰ ਸ਼੍ਰੋਮਣੀ ਅਕਾਲੀ ਦਲ 'ਚ ਮਾਣ ਬਖਸ਼ਿਆ ਹੈ। ਉੱਥੇ ਵਿਸ਼ੇਸ਼ ਤੌਰ ਤੇ ਸ਼੍ਰੋਮਣੀ ਅਕਾਲੀ ਦਲ ਸੀਨੀਅਰ ਆਗੂ ਸਾਬਕਾ ਸੰਸਦੀ ਸਕੱਤਰ ਬਿਕਰਮਜੀਤ ਸਿੰਘ ਖਾਲਸਾ ਦੇ ਗ੍ਰਹਿ ਵਿੱਖੇ ਪਹੁੰਚ ਕੇ ਖਾਲਸਾ ਜਿਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਐਸ ਸੀ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਤੇ ਸਪੋਕਸਮੈਨ ਨਿਯੁਕਤ ਕੀਤਾ। ਉਪਰੰਤ ਉਨ੍ਹਾਂ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਵਿਚਾਰ ਚਰਚਾ ਕੀਤੀ। ਉਹਨਾਂ ਬਿਕਰਮਜੀਤ ਸਿੰਘ ਖਾਲਸਾ ਨੂੰ ਫੁੱਲਾ ਦਾ ਗੁਲਦਸਤਾ ਭੇਟ ਕੀਤਾ। ਖਾਲਸਾ ਨੇ ਲੀਲ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ।ਇਸ ਸਮੇਂ ਸੀਨੀਅਰ ਅਕਾਲੀ ਆਗੂ ਜਥੇਦਾਰ ਨਛੱਤਰ ਸਿੰਘ ਸਿੱਧੂ, ਦਵਿੰਦਰ ਸਿੰਘ ਮਾਨ, ਅਵਤਾਰ ਸਿੰਘ ਨਿਰਬਾਣ, ਭੁਪਿੰਦਰ ਸਿੰਘ ਕਾਕਾ, ਰਤਨ ਚੋਪੜਾ ਆਦਿ ਹਾਜ਼ਰ ਸਨ।

ਸ਼੍ਰੋਮਣੀ ਕਮੇਟੀ ਵੱਲੋਂ ਕਰਵਾਈਆਂ ਧਾਰਮਿਕ ਪ੍ਰੀਖਿਆਵਾਂ ਵਿੱਚ ਸਪਰਿੰਗ ਡੇਲੀਅਨਜ਼ ਨੇ ਮਾਰੀਆਂ ਮੱਲਾਂ

ਲੁਧਿਆਣਾ, 20 ਮਾਰਚ (ਰਵਿੰਦਰ ਸਿੰਘ ਨਿੱਝਰ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਧਰਮ ਪ੍ਰਚਾਰ ਕਮੇਟੀ) ਵੱਲੋਂ ਲਈ ਗਈ ਗੁਰਮਤਿ ਗਿਆਨ ਧਾਰਮਿਕ ਪ੍ਰੀਖਿਆ ਵਿੱਚ ਆਏ ਸ਼ਾਨਦਾਰ ਨਤੀਜੇ ਮੁਤਾਬਿਕ ਪੂਰੇ ਭਾਰਤ ਵਿੱਚੋਂ ਪਹਿਲੇ ਭਾਗ ਵਿੱਚ ਸਾਡੇ ਸਪਰਿੰਗ ਡੇਲ ਪਬਲਿਕ ਸਕੂਲ ਦੇ 6 ਬੱਚਿਆਂ ਨੇ 1100 ਰੁਪਏ ਸਕਾਲਰਸ਼ਿਪ ਅਤੇ ਦੂਜੇ ਭਾਗ ਵਿੱਚ ਚਾਰ ਵਿਦਿਆਰਥੀਆਂ ਨੇ 2100 ਰੁਪਏ ਦੀ ਸਕਾਲਰਸ਼ਿਪ ਹਾਸਲ ਕਰਕੇ ਖ਼ੂਬ ਨਾਮਣਾ ਖੱਟਿਆ। ਇਸ ਤੋਂ ਇਲਾਵਾ 24 ਹੋਰ ਬੱਚਿਆਂ ਨੇ ਵੀ ਇਹ ਪ੍ਰੀਖਿਆ ਪਹਿਲੇ ਦਰਜੇ ਵਿੱਚ ਪਾਸ ਕੀਤੀ। ਇਸ ਦੌਰਾਨ ਕਮੇਟੀ ਦੇ ਪ੍ਰਚਾਰਕ ਕੁਲਦੀਪ ਸਿੰਘ ਅਤੇ ਸਕੂਲ ਦੇ ਚੇਅਰਪਰਸਨ ਮੈਡਮ ਅਵਿਨਾਸ਼ ਕੌਰ ਵਾਲੀਆ ਨੇ ਸਾਰੇ ਹੀ ਜੇਤੂ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ। ਇਹ ਬਹੁਤ ਮਾਣ ਵਾਲ਼ੀ ਗੱਲ ਹੈ ਕਿ ਸਕੂਲ ਦੇ ਇਹਨਾਂ ਬੱਚਿਆਂ ਨੇ ਮੈਰਿਟ ਵਿੱਚ ਆ ਕੇ ਸਕੂਲ ਦਾ ਨਾਂ ਬੁਲੰਦੀਆਂ 'ਤੇ ਪਹੁੰਚਾਇਆ। ਮੈਡਮ ਵਾਲੀਆ, ਡਾਇਰੈਕਟਰਜ਼ ਮਨਦੀਪ ਵਾਲੀਆ, ਕਮਲਪ੍ਰੀਤ ਕੌਰ, ਡਿਪਟੀ-ਡਾਇਰੈਕਟਰ ਸੋਨੀਆ ਵਰਮਾ ਅਤੇ ਪ੍ਰਿੰਸੀਪਲ ਅਨਿਲ ਸ਼ਰਮਾ ਨੇ ਇਹਨਾਂ ਸਾਰੇ ਬੱਚਿਆਂ ਨੂੰ ਇਹਨਾਂ ਦੀ ਇਸ ਸ਼ਾਨਦਾਰ ਜਿੱਤ 'ਤੇ ਬਹੁਤ- ਬਹੁਤ ਵਧਾਈ ਦਿੱਤੀ ਤੇ ਨਾਲ਼ ਹੀ ਭਵਿੱਖ ਵਿੱਚ ਵੀ ਅਜਿਹੀਆਂ ਪ੍ਰੀਖਿਆਵਾਂ ਵਿੱਚ ਭਾਗ ਲੈਂਦੇ ਹੋਏ ਸਕੂਲ ਦਾ ਨਾਂ ਰੌਸ਼ਨ ਕਰਨ ਦੇ ਲਈ ਵੀ ਪ੍ਰੇਰਿਆ।

ਐਚ.ਆਈ.ਵੀ./ਏਡਜ਼ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਕਰਵਾਇਆ

ਰੋਜ਼ਾਨਾ ਚੜ੍ਹਦੀਕਲਾ
ਸਿਹਤ ਖ਼ਬਰਨਾਮਾ



ਘੁਰਾੜੇ ਲੈਣਾ ਸਿਰਫ਼ ਆਦਤ ਨਹੀਂ, ਸਗੋਂ ਗੰਭੀਰ ਬਿਮਾਰੀ ਦਾ ਸੰਕੇਤ

ਬਹੁਤ ਸਾਰੇ ਲੋਕ ਰਾਤ ਨੂੰ ਸੌਂਦੇ ਸਮੇਂ ਖਰਾਟੇ ਲੈਂਦੇ ਹਨ ਅਤੇ ਇਸ ਨੂੰ ਗੂੜ੍ਹੀ ਨੀਂਦ ਦੀ ਨਿਸ਼ਾਨੀ ਮੰਨਦੇ ਹਨ ਪਰ ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਖਰਾਟੇ ਲੈਣਾ ਸਲੀਪ ਐਪਨੀਆ ਵਰਗੀ ਗੰਭੀਰ ਬਿਮਾਰੀ ਦਾ ਲੱਛਣ ਹੋ ਸਕਦਾ ਹੈ। ਇਹ ਨਾ ਸਿਰਫ਼ ਤੁਹਾਡੀ

ਨੀਂਦ ਖ਼ਰਾਬ ਕਰਦਾ ਹੈ, ਸਗੋਂ ਸਰੀਰ ਦੇ ਕਈ ਮਹੱਤਵਪੂਰਨ ਅੰਗਾਂ 'ਤੇ ਵੀ ਬੁਰਾ ਅਸਰ ਪਾਉਂਦਾ ਹੈਜਦੋਂ ਸੌਂਦੇ ਸਮੇਂ ਸਾਹ ਦੀ ਨਾਲੀ @ਚ ਕੋਈ ਰੁਕਾਵਟ ਆਉਂਦੀ ਹੈ ਅਤੇ ਹਵਾ ਦਾ ਪ੍ਰਵਾਹ ਪੂਰੀ ਤਰ੍ਹਾਂ ਨਹੀਂ ਹੋ ਪਾਉਂਦਾ, ਤਾਂ ਗਲੇ ਦੇ ਟਿਸ਼ੂਆਂ 'ਚ ਵਾਈਬ੍ਰੇਸ਼ਨ ਹੁੰਦੀ ਹੈ, ਜਿਸ ਨੂੰ ਅਸੀਂ ਖਰਾਟੇ ਕਹਿੰਦੇ ਹਾਂ।

ਦਿਲ ਦੇ ਰੋਗਾਂ ਦਾ ਖ਼ਤਰਾ : ਖਰਾਟੇ ਲੈਣ ਵਾਲੇ ਵਿਅਕਤੀ ਦੇ ਸਰੀਰ 'ਚ ਆਕਸੀਜਨ ਦਾ ਪੱਧਰ ਵਾਰ-ਵਾਰ ਘਟਦਾ ਹੈ, ਜਿਸ ਨਾਲ ਬਲੱਡ ਪ੍ਰੈਸ਼ਰ ਵੱਧ ਸਕਦਾ ਹੈ ਅਤੇ ਦਿਲ ਦੇ ਦੌਰੇ ਦਾ ਖ਼ਤਰਾ ਵਧ ਜਾਂਦਾ ਹੈ।

ਮਾਨਸਿਕ ਤਣਾਅ ਅਤੇ ਚਿੜਚਿੜਾਪਨ: ਨੀਂਦ ਪੂਰੀ ਨਾ ਹੋਣ ਕਾਰਨ ਦਿਨ ਭਰ ਥਕਾਵਟ, ਸੁਸਤੀ ਅਤੇ ਮਾਨਸਿਕ ਤਣਾਅ ਬਣਿਆ ਰਹਿੰਦਾ ਹੈ।

ਯਾਦਦਾਸ਼ਤ ਦੀ ਕਮੀ: ਡੂੰਘੀ ਨੀਂਦ ਨਾ ਆਉਣ ਕਾਰਨ ਦਿਮਾਗ ਨੂੰ ਪੂਰਾ ਆਰਾਮ ਨਹੀਂ ਮਿਲਦਾ, ਜਿਸ ਨਾਲ ਇਕਾਗਰਤਾ ਅਤੇ ਯਾਦਦਾਸ਼ਤ 'ਤੇ ਅਸਰ ਪੈਂਦਾ ਹੈ।

ਸ਼ੂਗਰ : ਖੋਜਾਂ ਅਨੁਸਾਰ, ਖਰਾਟੇ ਲੈਣ ਵਾਲੇ ਲੋਕਾਂ @ਚ ਟਾਈਪ-2 ਡਾਇਬਟੀਜ਼ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।

ਸਟ੍ਰੋਕ ਦਾ ਖ਼ਤਰਾ : ਖਰਾਟਿਆਂ ਕਾਰਨ ਗਰਦਨ ਦੀਆਂ ਨਾੜੀਆਂ 'ਚ ਸੋਜ ਆ ਸਕਦੀ ਹੈ, ਜੋ ਕਿ ਦਿਮਾਗੀ ਸਟ੍ਰੋਕ ਦਾ ਕਾਰਨ ਬਣ ਸਕਦੀ ਹੈ।

ਬਚਾਅ ਦੇ ਸਰਲ ਤਰੀਕੇ

ਭਾਰ ਘਟਾਓ: ਵਧਿਆ ਹੋਇਆ ਭਾਰ ਖਰਾਟਿਆਂ ਦਾ ਮੁੱਖ ਕਾਰਨ ਹੈ।

ਸੌਣ ਦਾ ਤਰੀਕਾ ਬਦਲੋ : ਪਿੱਠ ਦੇ ਭਾਰ ਸੌਣ ਦੀ ਬਜਾਏ ਪਾਸੇ (ਕਰਵਟ) ਲੈ ਕੇ ਸੌਣ ਦੀ ਕੋਸ਼ਿਸ਼ ਕਰੋ।

ਨਸ਼ਿਆਂ ਤੋਂ ਪਰਹੇਜ਼: ਸੌਣ ਤੋਂ ਪਹਿਲਾਂ ਸ਼ਰਾਬ ਜਾਂ ਨੀਂਦ ਦੀਆਂ ਗੋਲੀਆਂ ਦਾ ਸੇਵਨ ਨਾ ਕਰੋ।

ਗੁ. ਅਕਾਲੀ ਬਾਬਾ ਫੂਲਾ ਸਾਹਿਬ ਵਿਖੇ ਬਣਿਆ ਨਵਾਂ ਅਜਾਇਬ ਘਰ
ਗਿਆਨੀ ਸ਼ੀਤਲ ਸਿੰਘ ਤੇ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਜੀਵਨ ਨਾਲ ਸੰਬੰਧਤ ਤਸਵੀਰਾਂ ਵੀ ਲਗਾਈਆਂ

ਪਟਿਆਲਾ, 20 ਮਾਰਚ (ਅਮਰਜੀਤ ਸਿੰਘ) : ਗੁਰਦੁਆਰਾ ਸ੍ਰੀ ਅਕਾਲੀ ਬਾਬਾ ਫੂਲਾ ਸਿੰਘ ਅਰਬਨ ਅਸਟੇਟ ਪਟਿਆਲਾ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੰਗਤਾ ਦੇ ਸਹਿਯੋਗ ਦੇ ਨਾਲ ਨਵਾਂ ਅਜਾਇਬ ਘਰ ਬਣਾਇਆ ਗਿਆ। ਇਸ ਅਜਾਇਬ ਘਰ @ਚ ਗੁਰੂ ਸਾਹਿਬਾਨ ਨਾਲ ਸੰਬੰਧਤ ਤਸਵੀਰਾਂ ਲਗਾਈਆਂ ਗਈਆਂ ਹਨ ਇਸ ਦੇ ਨਾਲ ਹੀ ਗਿਆਨੀ ਸ਼ੀਤਲ ਸਿੰਘ ਜੀ ਅਤੇ ਅਕਾਲੀ ਬਾਬਾ ਫੁੱਲਾ ਸਿੰਘ ਜੀ ਦੇ ਜੀਵਨ ਨਾਲ ਸੰਬੰਧਤ ਤਸਵੀਰਾਂ ਵੀ ਸ਼ੁਸੋਭਿਤ ਕੀਤੀਆਂ ਗਈਆਂ ।ਇਸ ਮੌਕੇ ਤੇ ਗੁਰਬਣੀ ਜਸ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਉਪਰੰਤ ਪਾਠੀ ਸਿੰਘ ਵੱਲੋਂ ਅਰਦਾਸ ਕਰਕੇ ਨਵੇਂ ਬਣੇ ਅਜਾਇਬ ਘਰ ਦੇ ਖੁੱਲੇ ਦਰਸ਼ਨ ਕਰਵਾਏ ਗਏ।

ਇਸ ਮੌਕੇ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਅਦਾਰਾ ਚੜ੍ਹਦੀਕਲਾ ਦੇ ਚੇਅਰਮੈਨ ਪਦਮ ਸ਼੍ਰੀ ਡਾ. ਜਗਜੀਤ ਸਿੰਘ ਦਰਦੀ ਨੇ ਵਿਸ਼ੇਸ਼ ਤੌਰ @ਤੇ ਸ਼ਿਰਕਤ ਕੀਤੀ ਤੇ ਆਪਣੇ ਵਿਚਾਰਾਂ ਦੀ ਸਾਂਝ ਪਾਈ ਉਨ੍ਹਾਂ ਕਿਹਾ ਕਿ ਅੱਜ ਅਜਾਇਬ ਘਰ ਦਾ ਉਦਘਾਟਨ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਗਿਆਨੀ ਸ਼ੀਤਲ ਸਿੰਘ ਜੀ ਨੇ ਇਸ ਪਾਵਨ ਅਸਥਾਨ @ਤੇ ਬਹੁਤ ਲੰਮਾ ਸਮਾਂ ਤਪੱਸਿਆ ਕੀਤੀ ਤੇ ਅਨੇਕਾ ਲੋਕਾਂ ਨੂੰ ਗੁਰੂ ਦੇ

ਲੜ ਲਗਾਇਆ।

ਉਨ੍ਹਾਂ ਕਿਹਾ ਕਿ ਸਾਡੇ ਸਤਿਕਾਰਯੋਗ ਗਿਆਨੀ ਸ਼ੀਤਲ ਸਿੰਘ ਜੀ ਮਹਾਰਾਜ ਨੇ ਸੰਗਤਾਂ ਉਤੇ ਬਹੁਤ ਕਿਰਪਾ ਕੀਤੀ ਔਰ ਬਹੁਤ ਲੰਬਾ ਸਮਾਂ ਇਸ ਪਵਿੱਤਰ ਅਸਥਾਨ ਉੱਤੇ ਤਪੱਸਿਆ ਕੀਤੀ ਅਤੇ ਪੰਜਾਬੀ ਯੂਨੀਵਰਸਿਟੀ ਅਤੇ ਹੋਰ ਵਿਦਵਾਨਾਂ ਵੱਲੋਂ ਲਿਖਆ ਹੋਇਆ ਪੁਸਤਕਾਂ ਦੇ ਹਵਾਲੇ ਨਾਲ ਉਹਨਾਂ ਨੂੰ ਇਹ ਪਤਾ ਲੱਗ ਗਿਆ ਕਿ ਇਸੇ ਅਸਥਾਨ ਉੱਤੇ ਸਿੰਘ ਸਾਹਿਬ ਅਕਾਲੀ ਫੂਲਾ ਸਿੰਘ ਜੀ ਦੇ ਪਿਤਾ ਬਾਈ ਇਸ਼ਰ ਸਿੰਘ ਜੀ ਨੇ ਅੰਗਰੇਜ਼ਾਂ ਨਾਲ ਜੰਗ ਕਰਦੇ ਹੋਏ ਇੱਥੇ ਆ ਕੇ ਜਖਮੀ ਹਾਲਤ ਵਿੱਚ ਸ਼ਹੀਦੀ ਪ੍ਰਾਪਤ ਕੀਤੀ ਸੀ ਅਤੇ ਇੱਥੇ ਹੀ ਅਕਾਲੀ ਫੂਲਾ ਸਿੰਘ ਜੀ ਆਪਣਾ ਬਚਪਨ ਦਾ ਜੀਵਨ ਉਹਨਾਂ ਨੇ ਬਤੀਤ ਕੀਤਾ ਸੀ ਤੋਂ ਇਹ ਇਤਿਹਾਸਿਕ ਅਸਥਾਨ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਯੋਗਦਾਨ ਹਮੇਸ਼ਾ ਯਾਦ ਰੱਖਿਆ ਜਾਵੇਗਾ ਉਨ੍ਹਾਂ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰ ਚੌਧਰੀ ਪ੍ਰਭਜੀਤ ਸਿੰਘ, ਭਾਈ ਸੁਰਿੰਦਰਪਾਲ ਸਿੰਘ, ਮਾਨ ਸਿੰਘ , ਕਰਮਜੀਤ ਸਿੰਘ, ਹਰਮੀਤ ਸਿੰਘ ਬਿੰਦਰਾ ਜੀ , ਸ਼ੰਟੀ ਵੀਰ ਜੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਸਲਾਘਾਯੋਗ ਕਾਰਜ ਕੀਤਾ ਗਿਆ ।ਉਨ੍ਹਾਂ ਸਹਿਯੋਗ ਦੇਣ ਲਈ ਸੰਗਤ ਦਾ ਧੰਨਵਾਦ ਕੀਤਾ।

ਰਿਜ਼ਰਵ ਬੈਂਕ ਦੇ ਗਵਰਨਰ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ

ਪਟਨਾ, 20 ਮਾਰਚ, (ਮਨਪ੍ਰੀਤ ਸਿੰਘ): ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਗਵਰਨਰ ਸੰਜੇ ਮਲਹੋਤਰਾ ਨੇ ਤਖ਼ਤ ਪਟਨਾ ਸਾਹਿਬ ਵਿਖੇ ਸ਼ਰਧਾਂਜਲੀ ਭੇਟ ਕੀਤੀ। ਤਖ਼ਤ ਸਾਹਿਬ ਦੇ ਗ੍ਰੰਥੀ ਜਸਵੰਤ ਸਿੰਘ ਨੇ ਉਨ੍ਹਾਂ ਨੂੰ ਸਿਰੋਪਾਓ ਭੇਟ ਕੀਤਾ। ਇਸ ਮੌਕੇ ਤਖ਼ਤ ਪਟਨਾ ਸਾਹਿਬ ਕਮੇਟੀ ਦੇ ਉਪ ਪ੍ਰਧਾਨ ਗੁਰਵਿੰਦਰ ਸਿੰਘ, ਮੀਡੀਆ ਇੰਚਾਰਜ ਸੁਦੀਪ ਸਿੰਘ, ਹਰਕੀਰਤ ਸਿੰਘ ਸੋਹੀ, ਸੁਪਰਡੈਂਟ ਦਲਜੀਤ ਸਿੰਘ, ਮੈਨੇਜਰ ਹਰਜੀਤ ਸਿੰਘ ਅਤੇ ਅਕਾਊਂਟ ਮੈਨੇਜਰ ਦਵਿੰਦਰ ਸਿੰਘ ਨੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ। ਰਾਜਪਾਲ ਨੇ ਤਖ਼ਤ ਸਾਹਿਬ ਦੁਆਰਾ ਮਾਸਿਕ ਪ੍ਰਕਾਸ਼ਿਤ ਗੋਬਿੰਦ ਪ੍ਰਕਾਸ਼ ਮੈਗਜ਼ੀਨ ਦੇ ਮਾਰਚ ਅੰਕ ਨੂੰ ਵੀ ਜਾਰੀ

ਕੀਤਾ। ਗੋਬਿੰਦ ਪ੍ਰਕਾਸ਼ ਮੈਗਜ਼ੀਨ ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਵਿੱਚ ਪ੍ਰਕਾਸ਼ਿਤ ਹੁੰਦਾ ਹੈ ਅਤੇ ਮੁਫ਼ਤ ਵੰਡਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮੈਗਜ਼ੀਨ ਪਿੱਛੇ ਕਮੇਟੀ ਦਾ ਟੀਚਾ ਦੇਸ਼ ਅਤੇ ਵਿਦੇਸ਼ਾਂ ਵਿੱਚ ਸੰਗਤ ਨੂੰ ਤਖ਼ਤ ਸਾਹਿਬ ਵਿਖੇ ਹੋ ਰਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਅਤੇ ਸੰਗਤ, ਖਾਸ ਕਰਕੇ ਨੌਜਵਾਨਾਂ ਨੂੰ ਆਪਣੇ ਧਾਰਮਿਕ ਲੇਖਾਂ ਰਾਹੀਂ ਗੁਰੂ ਦੇ ਇਤਿਹਾਸ ਅਤੇ ਧਰਮ ਬਾਰੇ ਜਾਗਰੂਕ ਕਰਨਾ ਹੈ। ਸ਼੍ਰੀ ਗੁਰਵਿੰਦਰ ਸਿੰਘ ਨੇ ਕਿਹਾ ਕਿ ਰਾਜਪਾਲ ਨੂੰ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਜੋੜਾ ਸਾਹਿਬ ਦੇ ਦਰਸ਼ਨ ਵੀ ਕਰਵਾਏ ਗਏ। ਰਾਜਪਾਲ ਸੰਜੇ ਮਲਹੋਤਰਾ ਨੇ ਕਿਹਾ ਕਿ ਉਨ੍ਹਾਂ ਦੀ ਲੰਬੇ ਸਮੇਂ ਤੋਂ ਗੁਰੂ ਮਹਾਰਾਜ ਦੇ ਜਨਮ ਸਥਾਨ ਤਖ਼ਤ ਪਟਨਾ ਸਾਹਿਬ ਦੇ ਦਰਸ਼ਨ ਕਰਨ ਦੀ ਇੱਛਾ ਸੀ ਅਤੇ ਅੱਜ ਉਹ ਇੱਛਾ ਪੂਰੀ ਹੋ ਗਈ ਹੈ, ਜਿਸ ਲਈ ਉਨ੍ਹਾਂ ਨੇ ਗੁਰੂ ਮਹਾਰਾਜ ਦਾ ਧੰਨਵਾਦ ਕੀਤਾ।

ਸ਼ਿਵਰਾਜ ਸਿੰਘ ਚੌਹਾਨ ਨੇ ਫਸਲਾਂ ਦੇ ਨੁਕਸਾਨ ਅਤੇ ਕਿਸਾਨਾਂ ਨੂੰ ਤੁਰੰਤ ਸਹਾਇਤਾ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਖੇਤੀਬਾੜੀ ਦੀ ਵਿਆਪਕ ਸਮੀਖਿਆ ਕੀਤੀ

ਨਵੀਂ ਦਿੱਲੀ, 20 ਮਾਰਚ, (ਅੰਮ੍ਰਿਤਪਾਲ ਸਿੰਘ) : ਕੇਂਦਰੀ ਖੇਤੀਬਾੜੀ, ਕਿਸਾਨ ਭਲਾਈ ਅਤੇ ਪੇਂਡੂ ਵਿਕਾਸ ਮੰਤਰੀ, ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਨਵੀਂ ਦਿੱਲੀ ਦੇ ਕ੍ਰਿਸ਼ੀ ਭਵਨ ਵਿਖੇ ਦੇਸ਼ ਦੇ ਖੇਤੀਬਾੜੀ ਖੇਤਰ ਦੀ ਸਮੁੱਚੀ ਸਥਿਤੀ ਦੀ ਉੱਚ ਪੱਧਰੀ ਸਮੀਖਿਆ ਕੀਤੀ। ਮੀਟਿੰਗ ਵਿੱਚ ਕਈ ਰਾਜਾਂ ਵਿੱਚ ਹਾਲ ਹੀ ਵਿੱਚ ਹੋਈ ਭਾਰੀ ਬਾਰਿਸ਼, ਭਾਰੀ ਬਾਰਿਸ਼, ਗੜੇਮਾਰੀ ਅਤੇ ਹੋਰ ਪ੍ਰਤੀਕੂਲ ਮੌਸਮੀ ਸਥਿਤੀਆਂ ਕਾਰਨ ਕਿਸਾਨਾਂ ਨੂੰ ਹੋਏ ਸੰਭਾਵੀ ਨੁਕਸਾਨ, ਉਨ੍ਹਾਂ ਦੀਆਂ ਤੁਰੰਤ ਜ਼ਰੂਰਤਾਂ, ਬੀਮਾ ਦਾਅਵਿਆਂ ਦੀ ਪ੍ਰਕਿਰਿਆ ਅਤੇ ਰਾਹਤ ਪ੍ਰਬੰਧਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ।

ਸਮੀਖਿਆ ਤੋਂ ਬਾਅਦ ਮੀਡੀਆ ਨਾਲ ਗੱਲ ਕਰਦੇ ਹੋਏ, ਸ਼੍ਰੀ ਚੌਹਾਨ ਨੇ ਸਪੱਸ਼ਟ ਤੌਰ @ਤੇ ਕਿਹਾ ਕਿ ਧਿਆਨ ਸਿਰਫ਼ ਉਤਪਾਦਨ @ਤੇ ਹੀ ਨਹੀਂ, ਸਗੋਂ ਫਸਲਾਂ ਦੇ ਨੁਕਸਾਨ ਦੇ ਵਿਗਿਆਨਕ ਮੁਲਾਂਕਣ, ਸਹੀ ਬੀਮਾ ਦਾਅਵਿਆਂ ਅਤੇ ਕਿਸਾਨਾਂ ਨੂੰ ਤੁਰੰਤ ਸਹਾਇਤਾ @ਤੇ ਵੀ ਹੈ।

ਕੇਂਦਰੀ ਖੇਤੀਬਾੜੀ ਮੰਤਰੀ ਦੇ ਨਿਰਦੇਸ਼ਾਂ @ਤੇ ਬੁਲਾਈ ਗਈ ਇਹ ਸਮੀਖਿਆ ਮੀਟਿੰਗ ਅਜਿਹੇ ਸਮੇਂ ਹੋਈ ਹੈ ਜਦੋਂ ਮੌਸਮ ਦੀ ਅਨਿਸ਼ਚਿਤਤਾ, ਫਸਲਾਂ ਦੇ ਨੁਕਸਾਨ ਦੀ ਸੰਭਾਵਨਾ ਅਤੇ ਕਿਸਾਨਾਂ ਨੂੰ ਤੁਰੰਤ ਸਹਾਇਤਾ ਦੀ ਜ਼ਰੂਰਤ ਕਈ ਰਾਜਾਂ ਵਿੱਚ ਮੁੱਖ ਮੁੱਦੇ ਬਣੇ ਹੋਏ ਹਨ, ਤਾਂ ਜੋ ਤਿੰਨੋਂ ਪੱਧਰਾਂ - ਨੀਤੀ, ਰਾਹਤ ਅਤੇ ਮੋਦੀ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਦੀ ਪਹੁੰਚ ਵਿੱਚ ਤਾਲਮੇਲ ਵਾਲੇ ਯਤਨਾਂ ਨੂੰ ਯਕੀਨੀ ਬਣਾਇਆ ਜਾ ਸਕੇ। ਸ਼੍ਰੀ ਚੌਹਾਨ ਨੇ ਕੇਂਦਰੀ ਖੇਤੀਬਾੜੀ ਸਕੱਤਰ, ਖੇਤੀਬਾੜੀ ਕਮਿਸ਼ਨਰ ਅਤੇ ਮੀਟਿੰਗ ਵਿੱਚ ਮੌਜੂਦ ਸਾਰੇ ਸੀਨੀਅਰ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਰਾਜ ਸਰਕਾਰਾਂ ਨਾਲ ਤਾਲਮੇਲ ਕਰਕੇ ਫਸਲਾਂ ਦੀ ਕਟਾਈ ਦੇ ਪ੍ਰਯੋਗਾਂ, ਨੁਕਸਾਨਾਂ ਦਾ ਵਿਗਿਆਨਕ ਮੁਲਾਂਕਣ ਅਤੇ ਜਿੱਥੇ ਵੀ ਕਿਸਾਨਾਂ ਨੂੰ ਸਹਾਇਤਾ ਦੀ ਲੋੜ ਹੋਵੇ, ਤੁਰੰਤ ਰਾਹਤ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਜਿਨ੍ਹਾਂ ਖੇਤਰਾਂ ਵਿੱਚ ਭਾਰੀ ਬਾਰਸ਼, ਗੜੇਮਾਰੀ ਜਾਂ ਹੋਰ ਪ੍ਰਤੀਕੂਲ ਮੌਸਮੀ ਸਥਿਤੀਆਂ ਕਾਰਨ ਨੁਕਸਾਨ ਹੋਇਆ ਹੈ, ਉੱਥੇ ਖੇਤ ਪੱਧਰ @ਤੇ ਸਮੇਂ ਸਿਰ ਕਾਰਵਾਈ ਜ਼ਰੂਰੀ ਹੈ ਤਾਂ ਜੋ ਕਿਸੇ ਵੀ ਕਿਸਾਨ ਨੂੰ ਰਾਹਤ ਦੀ ਉਡੀਕ ਨਾ ਕਰਨੀ ਪਵੇ।

ਨੰਦ ਕਿਸ਼ੋਰ ਸੋਮਾਨੀ ਓਨਕੋਲੋਜੀ ਬਲਾਕ ਦੇ ਉਦਘਾਟਨ ਮੌਕੇ ਭਾਰਤ ਦੇ ਰਾਸ਼ਟਰਪਤੀ ਵੱਲੋਂ ਸ਼ਿਰਕਤ

ਵ੍ਰਿੰਦਾਵਨ, 20 ਮਾਰਚ, (ਅੰਮ੍ਰਿਤਪਾਲ ਸਿੰਘ) : ਮੈਨੂੰ ਅੱਜ ਪਵਿੱਤਰ ਵ੍ਰਿੰਦਾਵਨ ਧਾਮ ਵਿੱਚ ਰਾਮਕ੍ਰਿਸ਼ਨ ਮਿਸ਼ਨ ਸੇਵਾਸ਼ਰਮ ਚੈਰੀਟੇਬਲ ਹਸਪਤਾਲ ਦੇ ਓਨਕੋਲੋਜੀ ਬਲਾਕ ਦਾ ਉਦਘਾਟਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ। ਵ੍ਰਿੰਦਾਵਨ ਦੀ ਪਵਿੱਤਰ ਧਰਤੀ ਸਿਰਫ਼ ਜ਼ਮੀਨ ਦਾ ਇੱਕ ਟੁਕੜਾ ਨਹੀਂ ਹੈ, ਸਗੋਂ ਬ੍ਰਹਮਤਾ ਅਤੇ ਭਗਤੀ ਦਾ ਇੱਕ ਜੀਵਤ ਅਨੁਭਵ ਹੈ, ਜਿੱਥੇ ਭਗਵਾਨ ਕ੍ਰਿਸ਼ਨ ਦੇ ਸ਼ਾਨਾਂ ਦੀਆਂ ਗੂੰਜਾਂ ਹਰ ਕਣ ਵਿੱਚ ਗੂੰਜਦੀਆਂ ਹਨ। ਇਹ ਉਹੀ ਪਵਿੱਤਰ ਧਰਤੀ ਹੈ ਜਿਸਨੇ ਸਦੀਆਂ ਤੋਂ ਸੰਤਾਂ ਅਤੇ ਭਗਤਾਂ ਨੂੰ ਅਧਿਆਤਮਿਕ ਚੇਤਨਾ ਪ੍ਰਦਾਨ ਕੀਤੀ ਹੈ। ਇਸ ਪਵਿੱਤਰ ਧਰਤੀ ਨੇ ਦੇਸ਼ ਅਤੇ ਵਿਦੇਸ਼ਾਂ ਵਿੱਚ ਨਿਰਸਵਾਰਥ ਪਿਆਰ, ਦਇਆ ਅਤੇ ਭਗਤੀ ਦਾ ਸਦੀਵੀ ਸੰਦੇਸ਼ ਫੈਲਾਇਆ ਹੈ। ਇਸ ਪਵਿੱਤਰ ਧਰਤੀ @ਤੇ ਲੋਕ ਭਲਾਈ ਲਈ

ਸਮਰਪਿਤ ਇੱਕ ਸ਼ਾਨਦਾਰ ਮੈਡੀਕਲ ਸੈਂਟਰ ਵਿਕਸਤ ਕਰਨਾ ਇੱਕ ਬਹੁਤ ਹੀ ਪੁੰਨ ਅਤੇ ਪ੍ਰੇਰਨਾਦਾਇਕ ਕਾਰਜ ਹੈ। ਰਾਮਕ੍ਰਿਸ਼ਨ ਮਿਸ਼ਨ ਅਧਿਆਤਮਿਕ ਚੇਤਨਾ ਅਤੇ ਮਾਨਵਤਾਵਾਦੀ ਸੇਵਾ ਦੇ ਸੰਗਮ ਦਾ ਇੱਕ ਸ਼ਕਤੀਸ਼ਾਲੀ ਪ੍ਰਤੀਕ ਹੈ। ਰਾਮਕ੍ਰਿਸ਼ਨ ਪਰਮਹੰਸ ਦੀ ਤੀਬਰ ਸ਼ਰਧਾ ਨੇ ਇੱਕ ਸ਼ਕਤੀਸ਼ਾਲੀ ਧਾਰਾ ਨੂੰ ਜਾਰੀ ਕੀਤਾ ਕਿ ਉਨ੍ਹਾਂ ਦੇ ਸਮਰਪਿਤ ਚੇਲੇ, ਸਵਾਮੀ ਵਿਵੇਕਾਨੰਦ, ਮਨੁੱਖਤਾ ਦੇ ਭਲੇ ਲਈ ਇੱਕ ਸੰਗਠਨ ਵਿੱਚ ਬਦਲ ਗਏ। ਰਾਮਕ੍ਰਿਸ਼ਨ ਮਿਸ਼ਨ ਨੇ ਇਹ ਸੰਦੇਸ਼ ਵੀ ਦਿੱਤਾ ਕਿ ਪਿਆਰ, ਸੇਵਾ ਅਤੇ ਦਇਆ ਪਰਮਾਤਮਾ ਦੇ ਸਭ ਤੋਂ ਵਧੀਆ ਰਸਤੇ ਹਨ। ਰਾਮਕ੍ਰਿਸ਼ਨ ਪਰਮਹੰਸ ਦੇ ਆਦਰਸ਼ਾਂ ਦੀ ਪਾਲਣਾ ਕਰਦੇ ਹੋਏ, ਇਸ ਸੰਗਠਨ ਦੇ ਭਿਕਸ਼ੂ ਆਪਣੇ ਕੰਮਾਂ ਅਤੇ ਆਚਰਣ ਦੁਆਰਾ ÷ਮਨੁੱਖ ਦੀ ਸੇਵਾ ਪਰਮਾਤਮਾ ਦੀ ਸੇਵਾ ਹੈ÷ ਦੇ ਸੰਦੇਸ਼ ਨੂੰ ਮੂਰਤੀਮਾਨ ਕਰ ਰਹੇ ਹਨ। ਪਿਛਲੇ 118 ਸਾਲਾਂ ਤੋਂ, ਰਾਮਕ੍ਰਿਸ਼ਨ ਮਿਸ਼ਨ ਲੋਕਾਂ ਦੀ ਵਫ਼ਾਦਾਰੀ ਨਾਲ ਸੇਵਾ ਕਰ ਰਿਹਾ ਹੈ। ਕਈ ਜਨਤਕ ਭਲਾਈ ਪਹਿਲਕਦਮੀਆਂ ਰਾਹੀਂ, ਰਾਮਕ੍ਰਿਸ਼ਨ ਮਿਸ਼ਨ ਨੇ ਸਾਬਤ ਕੀਤਾ ਹੈ ਕਿ ਸੱਚੀ ਨਿਰਸਵਾਰਥ ਸੇਵਾ ਅਤੇ ਦਇਆ ਅਧਿਆਤਮਿਕਤਾ ਦੇ ਸੱਚੇ ਪ੍ਰਗਟਾਵੇ ਹਨ। ਇਹ ਮਹੱਤਵਪੂਰਨ ਹੈ ਕਿ ਰਾਮਕ੍ਰਿਸ਼ਨ ਮਿਸ਼ਨ ਦਾ ਇਹ ਸੁਪਰ ਸਪੈਸ਼ਲਿਟੀ ਹਸਪਤਾਲ ਮਨੁੱਖਤਾ ਦੀ ਸੇਵਾ ਲਈ ਸਮਰਪਿਤ ਹੁਨਰਮੰਦ ਅਤੇ ਸਮਰਪਿਤ ਡਾਕਟਰਾਂ ਦੀ ਇੱਕ ਟੀਮ ਦੇ ਨਾਲ, ਅਤਿ-ਆਧੁਨਿਕ ਡਾਕਟਰੀ ਸਹੂਲਤਾਂ ਦਾ ਮਾਣ ਕਰਦਾ ਹੈ। ਓਨਕੋਲੋਜੀ ਬਲਾਕ ਦਾ ਉਦਘਾਟਨ ਤੁਹਾਡੀ ਸੇਵਾ ਦੀ ਯਾਤਰਾ ਵਿੱਚ ਇੱਕ ਵਿਸ਼ੇਸ਼ ਮੀਲ ਪੱਥਰ ਹੈ। ਮੈਨੂੰ ਦੱਸਿਆ ਗਿਆ ਹੈ ਕਿ ਇਹ ਓਨਕੋਲੋਜੀ ਬਲਾਕ ਇੱਕ ਜਗ੍ਹਾ @ਤੇ ਅਤਿ-ਆਧੁਨਿਕ ਕੈਂ

ਵਾਈ ਐੱਸ ਸਕੂਲ ਬਰਨਾਲਾ ਦੀ ਅਨੋਖੀ ਪਹਿਲ ਦਿਸ਼ਾ ਕਰੀਅਰ ਕਾਊਂਸਲਿੰਗ ਸੈਸ਼ਨ ਕਰਵਾਇਆ

ਬਰਨਾਲਾ, 20 ਮਾਰਚ (ਹਮੀਰ ਸਿੰਘ) : ਦਸਵੀਂ ਜਮਾਤ ਤੋਂ ਬਾਅਦ ਸਹੀ ਸਟ੍ਰੀਮ ਚੁਣਨਾ ਹਰ ਵਿਦਿਆਰਥੀ ਦੇ ਜੀਵਨ ਦਾ ਇੱਕ ਮਹੱਤਵਪੂਰਨ ਫੈਸਲਾ ਹੁੰਦਾ ਹੈ। ਇਸੇ ਚੁਣੌਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਵਾਈ.ਐੱਸ. ਸਕੂਲ, ਬਰਨਾਲਾ ਨੇ ਵਿਦਿਆਰਥੀਆਂ ਅਤੇ ਮਾਪਿਆਂ ਲਈ ਇੱਕ ਵਿਸ਼ੇਸ਼ ਕਰੀਅਰ ਕਾਊਂਸਲਿੰਗ ਸੈਸ਼ਨ ਦਿਸ਼ਾ ਦੇ ਆਯੋਜਨ ਦਾ ਐਲਾਨ ਕੀਤਾ ਹੈ। ਇਹ ਸੈਸ਼ਨ 22 ਮਾਰਚ (ਐਤਵਾਰ) ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਸਕੂਲ ਪਰਿਸਰ ਵਿੱਚ ਆਯੋਜਿਤ ਕੀਤਾ ਜਾਵੇਗਾ। ਇਸ ਪਹਿਲ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਲਈ ਸਹੀ ਮਾਰਗਦਰਸ਼ਨ ਦੇਣਾ ਅਤੇ ਕਰੀਅਰ ਨਾਲ ਜੁੜੇ ਸਾਰੇ ਭਰਮ ਦੂਰ ਕਰਨਾ ਹੈ। ਸਕੂਲ ਪ੍ਰਬੰਧਨ ਅਨੁਸਾਰ, ਇਸ ਸੈਸ਼ਨ ਵਿੱਚ ਮਾਹਿਰਾਂ ਵੱਲੋਂ ਵੱਖ-ਵੱਖ ਕਰੀਅਰ ਵਿਕਲਪਾਂ ਜਿਵੇਂ ਸਿਵਲ ਸੇਵਾ, ਕਾਨੂੰਨ, ਚਿਕਿਤਸਾ, ਨਾਨ-ਮੈਡੀਕਲ ਅਤੇ ਵਣਜ ਦੇ ਖੇਤਰ ਵਿੱਚ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇਗੀ। ਵਿਦਿਆਰਥੀ ਆਪਣੀ ਰੁਚੀ ਅਤੇ ਯੋਗਤਾ ਅਨੁਸਾਰ ਸਹੀ ਦਿਸ਼ਾ ਚੁਣਨ ਦੇ ਯੋਗ ਹੋ ਸਕਣਗੇ। ਇਹ ਪ੍ਰੋਗਰਾਮ ਸਿਰਫ਼ ਵਿਦਿਆਰਥੀਆਂ ਲਈ ਹੀ ਨਹੀਂ, ਸਗੋਂ ਮਾਪਿਆਂ ਲਈ ਵੀ ਇੱਕ ਮਹੱਤਵਪੂਰਨ ਮੌਕਾ ਹੈ, ਜਿਸ ਨਾਲ ਉਹ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਬਿਹਤਰ ਅਤੇ ਸਮਝਦਾਰੀ ਭਰਿਆ ਫੈਸਲਾ ਲੈ ਸਕਣ। ਸਕੂਲ ਪ੍ਰਸ਼ਾਸਨ ਨੇ ਸਾਰੇ ਇੱਛੁਕ ਵਿਦਿਆਰਥੀਆਂ ਨੂੰ ਹਿਦਾਇਤ ਦਿੱਤੀ ਹੈ ਕਿ ਉਹ ਸਮੇਂ ਸਿਰ ਦਿੱਤਾ ਗਿਆ ਫਾਰਮ ਭਰ ਕੇ ਆਪਣੀ ਹਾਜ਼ਰੀ ਯਕੀਨੀ ਬਣਾਉਣ। ਇਸ ਪਹਿਲ ਰਾਹੀਂ ਵਾਈ.ਐੱਸ. ਸਕੂਲ ਇੱਕ ਵਾਰ ਫਿਰ ਸਾਬਤ ਕਰ ਰਿਹਾ ਹੈ ਕਿ ਉਹ ਸਿਰਫ਼ ਸਿੱਖਿਆ ਹੀ ਨਹੀਂ, ਸਗੋਂ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੇ ਨਿਰਮਾਣ ਲਈ ਵੀ ਵਚਨਬੱਧ ਹੈ।

ਵਾਈਐਸ ਪਬਲਿਕ ਸਕੂਲ ਦੇ 15 ਵਿਦਿਆਰਥੀਆਂ ਨੇ ਆਈਈਓ ਓਲੰਪਿਆਡ ਵਿੱਚ ਜਿੱਤੇ ਸੋਨੇ ਦੇ ਤਮਗ਼ੇ

ਬਰਨਾਲਾ, 20 ਮਾਰਚ (ਹਮੀਰ ਸਿੰਘ) : ਸਿੱਖਿਆ ਵਿੱਚ ਉੱਤਮਤਾ ਦੀ ਆਪਣੀ ਪਰੰਪਰਾ ਨੂੰ ਕਾਇਮ ਰੱਖਦਿਆਂ, ਵਾਈਐਸ ਪਬਲਿਕ ਸਕੂਲ, ਜਿਸਨੂੰ ਭਾਰਤ ਦੇ ਟਾਪ 50 ਸਕੂਲਾਂ ਵਿੱਚ ਮਾਨਤਾ ਮਿਲੀ ਹੋਈ ਹੈ, ਨੇ ਇੱਕ ਵਾਰ ਫਿਰ ਐਸਓਐਫ (ਸਾਇੰਸ ਓਲੰਪਿਆਡ ਫਾਊਂਡੇਸ਼ਨ) ਓਲੰਪਿਆਡ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਉਪਲੱਬਧੀ ਹਾਸਲ ਕੀਤੀ ਹੈ। ਕਲਾਸ 3 ਤੋਂ 11 ਤੱਕ ਦੇ ਵਿਦਿਆਰਥੀਆਂ ਨੇ ਇੰਟਰਨੈਸ਼ਨਲ ਇੰਗਲਿਸ਼ ਓਲੰਪਿਆਡ (ਆਈਈਓ) ਵਿੱਚ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੀ ਕਾਬਲੀਅਤ ਦਾ ਬਿਹਤਰੀਨ ਪ੍ਰਦਰਸ਼ਨ ਕੀਤਾ। ਸਕੂਲ ਲਈ ਇਹ ਮਾਣ ਦੀ ਗੱਲ ਹੈ ਕਿ ਕੁੱਲ 15 ਵਿਦਿਆਰਥੀਆਂ ਨੇ ਇਸ ਵਕਾਰੀ ਪ੍ਰੀਖਿਆ ਵਿੱਚ ਸੋਨੇ ਦੇ ਤਮਗੇ ਜਿੱਤੇ। ਇਹ ਉਪਲੱਬਧੀ ਸਕੂਲ ਦੇ ਮਜ਼ਬੂਤ ਅਕਾਦਮਿਕ ਮਾਹੌਲ, ਸਮਰਪਿਤ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਲਗਾਤਾਰ ਮੇਹਨਤ ਦਾ ਨਤੀਜਾ ਹੈ। ਇਸ ਓਲੰਪਿਆਡ ਨੇ ਵਿਦਿਆਰਥੀਆਂ ਦੀ ਅੰਗਰੇਜ਼ੀ ਭਾਸ਼ਾ 'ਤੇ ਪਕੜ, ਸਮਝਣ ਦੀ ਸਮਰੱਥਾ ਅਤੇ ਆਤਮ-ਵਿਸ਼ਵਾਸ ਨੂੰ ਹੋਰ ਮਜ਼ਬੂਤ ਕੀਤਾ ਹੈ। ਇਸ ਮੌਕੇ 'ਤੇ ਪ੍ਰਿੰਸੀਪਲ ਮੋਹਿਤ ਜਿੰਦਲ ਨੇ ਵਿਦਿਆਰਥੀਆਂ ਅਤੇ ਸਟਾਫ ਨੂੰ ਵਧਾਈ ਦਿੰਦਿਆਂ ਕਿਹਾ, 'ਸਾਨੂੰ ਆਪਣੇ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਬਹੁਤ ਮਾਣ ਹੈ। ਇਹ ਉਹਨਾਂ ਦੀ ਮੇਹਨਤ, ਲਗਨ ਅਤੇ ਅਧਿਆਪਕਾਂ ਤੇ ਮਾਪਿਆਂ ਦੇ ਲਗਾਤਾਰ ਸਹਿਯੋਗ ਦਾ ਨਤੀਜਾ ਹੈ। ਵਾਈਐਸ ਪਬਲਿਕ ਸਕੂਲ ਵਿੱਚ ਅਸੀਂ ਵਿਦਿਆਰਥੀਆਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹਾਂ।' ਸਕੂਲ ਪ੍ਰਬੰਧਨ ਨੇ ਸਾਰੇ ਜੇਤੂਆਂ ਅਤੇ ਭਾਗੀਦਾਰਾਂ ਨੂੰ ਦਿਲੋਂ ਮੁਬਾਰਕਾਂ ਦਿੱਤੀਆਂ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਵੱਖ-ਵੱਖ ਮਾਮਲਿਆਂ 'ਚ ਪਾਬੰਦੀਸ਼ੁਦਾ ਗੋਲ਼ੀਆਂ ਸਣੇ 6 ਕਾਬੂ

ਤਪਾ ਮੰਡੀ, 20 ਮਾਰਚ (ਰਾਜੂ ਮਹਿਰਾ) : ਜ਼ਿਲ੍ਹਾ ਪੁਲਿਸ ਮੁਖੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੀ.ਐਸ.ਪੀ ਤਪਾ ਗੁਰਪ੍ਰੀਤ ਸਿੰਘ ਸਿੱਧੂ ਦੀ ਯੋਗ ਅਗਵਾਈ ਹੇਠ ਤਪਾ ਪੁਲਿਸ ਨੇ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਦੋ ਵੱਖ-ਵੱਖ ਮਾਮਲਿਆਂ 'ਚ 320 ਪਾਬੰਦੀਸ਼ੁਦਾ ਗੋਲ਼ੀਆਂ ਸਮੇਤ 6 ਜਣਿਆਂ ਨੂੰ ਕਾਬੂ ਕਰਕੇ ਮਾਮਲਾ ਦਰਜ ਕੀਤਾ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਸ਼ਰੀਫ ਖਾਨ ਨੇ ਦੱਸਿਆ ਕਿ ਤਪਾ ਪੁਲਿਸ ਦੇ ਸਿਟੀ ਇੰਚਾਰਜ ਬਲਜੀਤ ਸਿੰਘ ਢਿੱਲੋ ਪੁਲਿਸ ਪਾਰਟੀ ਸਮੇਤ ਸ਼ੱਕੀ ਪੁਰਸ਼ਾਂ ਦੇ ਸਬੰਧ 'ਚ ਤਪਾ ਤਾਜੋ ਕੈਂਚੀਆਂ ਮੌਜੂਦ ਸਨ, ਤਾਂ ਪੁਲਿਸ ਪਾਸ ਮੁੱਖਬਰ ਖਾਸ ਨੇ ਗੁਪਤ ਸੂਚਨਾ ਦਿੱਤੀ ਕਿ ਦੋਸ਼ੀ ਸੂਰਜ ਕੁਮਾਰ ਉਰਫ ਆਡਾ ਪੁੱਤਰ ਮਨੋਜ ਕੁਮਾਰ ਵਾਸੀ ਪਿਆਰਾ ਲਾਲ ਬਸਤੀ ਢਿਲਵਾਂ ਰੋਡ ਤਪਾ ਅਤੇ ਸੁੱਖਾ ਪੁੱਤਰ ਕਾਕਾ ਸਿੰਘ ਵਾਸੀ ਪਿਆਰਾ ਲਾਲ ਬਸਤੀ ਢਿਲਵਾਂ ਰੋਡ ਤਪਾ ਜੋ ਨਸ਼ਾ ਪੱਤਾ ਕਰਨ ਦੇ ਆਦੀ ਹਨ ਤੇ ਬਾਹਰੋਂ ਸਸਤੇ ਰੇਟ ਪਰ ਪਾਬੰਦੀ ਸ਼ੁਦਾ ਗੋਲ਼ੀਆਂ ਲਿਆ ਕੇ ਅੱਗੇ ਸੰਦੀਪ ਸਿੰਘ ਉਰਫ ਟੀਂਡਾ ਪੁੱਤਰ ਕ੍ਰਿਸਨ ਸਿੰਘ ਵਾਸੀ ਗੁਰੂ ਗੋਬਿੰਦ ਸਿੰਘ ਨਗਰ ਢਿਲਵਾ ਰੋਡ ਤਪਾ ਨੂੰ ਵੇਚਣ ਦਾ ਧੰਦਾ ਕਰਦੇ ਹਨ,ਜੋ ਅੱਜ ਵੀ ਪਾਬੰਦੀ ਸ਼ੁਧਾ ਗੋਲੀਆਂ ਵੇਚਣ ਲਈ ਦਾਣਾ ਮੰਡੀ ਤਾਜੋ ਰੋਡ ਤਪਾ ਵਿਖੇ ਆ ਰਹੇ ਹਨ, ਜੇਕਰ ਰੇਡ ਕੀਤੀ ਜਾਵੇ ਤਾਂ ਸਫਲਤਾ ਹੱਥ ਲੱਗ ਸਕਦੀ ਹੈ। ਪੁਲਿਸ ਨੇ ਤੁਰੰਤ ਹਰਕਤ 'ਚ ਆਉਂਦਿਆਂ ਰੇਡ ਕਰਕੇ ਦੋਸ਼ੀਆਨ ਨੂੰ 250 ਪਾਬੰਦੀ ਸ਼ੁਧਾ ਗੋਲ਼ੀਆਂ ਸਣੇ ਕਾਬੂ ਕੀਤਾ।ਇਸੇ ਤਰ੍ਹਾਂ ਦੂਸਰੇ ਮਾਮਲੇ 'ਚ ਹੌਲਦਾਰ ਗੁਰਸੇਵਕ ਸਿੰਘ ਨੇ ਮੁਖਬਰ ਦੀ ਸੂਚਨਾ ਦੇ ਅਧਾਰ 'ਤੇ ਦੋਸ਼ੀਆਨ ਮਨੀਸ਼ ਕੁਮਾਰ ਉਰਫ ਨਾਗੀ ਪੁੱਤਰ ਰਜਿੰਦਰ ਕੁਮਾਰ ਵਾਸੀ ਢਿੱਲਵਾਂ ਰੋਡ ਤਪਾ, ਗੁਰਲਾਲ ਸਿੰਘ ਉਰਫ ਗੁਰਲਾਲੀ ਪੁੱਤਰ ਡਿਪਟੀ ਸਿੰਘ ਵਾਸੀ ਦਰਾਕਾ ਅਤੇ ਧਰਮਪ੍ਰੀਤ ਸਿੰਘ ਉਰਫ ਪੀਤੀ ਪੁੱਤਰ ਜੱਗਾ ਸਿੰਘ ਵਾਸੀ ਦਰਾਕਾ ਨੂੰ 70 ਪਾਬੰਦੀ ਸ਼ੁਧਾ ਗੋਲੀਆ ਸਣੇ ਪਿੰਡ ਮਹਿਤਾ ਦੇ ਕੱਚੇ ਰਾਸਤੇ ਪਾਸੋਂ ਕਾਬੂ ਕੀਤਾ। ਫਿਲਹਾਲ ਪੁਲਿਸ ਨੇ ਉਕਤ ਦੋਸ਼ੀਆਂਨ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਸਹਾਇਕ ਥਾਣੇਦਾਰ ਗੁਰਪਿਆਰ ਸਿੰਘ,ਹੌਲਦਾਰ ਗੁਰਜੀਤ ਸਿੰਘ ਆਦਿ ਮੌਜੂਦ ਸਨ।

ਹਾਈ ਕੋਰਟ ਵੱਲੋਂ ਲੱਖਾਂ ਦੀ ਠੱਗੀ ਮਾਰਨ ਵਾਲੀ ਆਂਗਨਵਾੜੀ ਵਰਕਰ ਨੂੰ ਨਹੀਂ ਮਿਲ ਰਹੀ ਜ਼ਮਾਨਤ

ਧਨੌਲਾ, 20 ਮਾਰਚ (ਚਮਕੌਰ ਸਿੰਘ ਗੱਗੀ) : ਜ਼ਿਲ੍ਹੇ ਵਿੱਚ ਨੌਕਰੀ ਦੇ ਨਾਂ 'ਤੇ ਹੋ ਰਹੀਆਂ ਠੱਗੀਆਂ ਦੇ ਮਾਮਲਿਆਂ ਵਿੱਚ ਇੱਕ ਹੋਰ ਵੱਡਾ ਕੇਸ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਧਨੌਲਾ ਦੀ ਇੱਕ ਆਂਗਨਵਾੜੀ ਵਰਕਰ ਵੀਰਪਾਲ ਕੌਰ ਵੱਲੋਂ ਆਪਣੇ ਪਤੀ ਨਾਲ ਮਿਲ ਕੇ ਹਾਈ ਕੋਰਟ ਵਿੱਚ ਨੌਕਰੀ ਲਗਵਾਉਣ ਦਾ ਝਾਂਸਾ ਦੇ ਕੇ ਕਈ ਬੇਰੁਜ਼ਗਾਰ ਨੌਜਵਾਨਾਂ ਤੋਂ ਲੱਖਾਂ ਰੁਪਏ ਦੀ ਠੱਗੀ ਕੀਤੀ ਗਈ ਹੈ। ਪੀੜਤਾਂ ਦੀਆਂ ਸ਼ਿਕਾਇਤਾਂ 'ਤੇ ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ, ਜਦਕਿ ਦੋਸ਼ੀ ਔਰਤ ਇਸ ਵੇਲੇ ਫਰਾਰ ਦੱਸੀ ਜਾ ਰਹੀ ਹੈ। ਪੁਲਿਸ ਸੂਤਰਾਂ ਮੁਤਾਬਕ ਦੋਸ਼ੀ ਆਂਗਨਵਾੜੀ ਵਰਕਰ ਨੇ ਆਪਣੇ ਆਪ ਨੂੰ ਉੱਚ ਅਧਿਕਾਰੀਆਂ ਨਾਲ ਜਾਣ-ਪਛਾਣ ਵਾਲਾ ਦੱਸਦੇ ਹੋਏ ਲੋਕਾਂ ਨੂੰ ਭਰੋਸੇ ਵਿੱਚ ਲਿਆ ਅਤੇ ਹਾਈ ਕੋਰਟ ਵਿੱਚ ਪੱਕੀ ਨੌਕਰੀ ਦਾ ਲਾਲਚ ਦੇ ਕੇ ਵੱਖ-ਵੱਖ ਕਿਸ਼ਤਾਂ ਵਿੱਚ ਪੈਸੇ ਇਕੱਠੇ ਕੀਤੇ। ਕੁਝ ਮਾਮਲਿਆਂ ਵਿੱਚ ਨਕਲੀ ਦਸਤਾਵੇਜ਼ ਅਤੇ ਜ਼ੂਠੇ ਨਿਯੁਕਤੀ ਪੱਤਰ ਵੀ ਦਿੱਤੇ ਜਾਣ ਦੀ ਗੱਲ ਸਾਹਮਣੇ ਆਈ ਹੈ, ਜਿਸ ਨਾਲ ਪੀੜਤਾਂ ਨੂੰ ਕਾਫੀ ਸਮੇਂ ਤੱਕ ਠੱਗੀ ਦਾ ਅਹਿਸਾਸ ਨਹੀਂ ਹੋਇਆ, ਜਦੋਂ ਨੌਕਰੀ ਨਹੀਂ ਮਿਲੀ ਅਤੇ ਪਤੀ ਪਤਨੀ ਵੱਲੋਂ ਟਾਲਮਟੋਲ ਕੀਤੀ ਜਾਣ ਲੱਗੀ ਤਾਂ ਪੀੜਤਾਂ ਨੇ ਇਕੱਠੇ ਹੋ ਕੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ। ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਸੰਬੰਧਿਤ ਧਾਰਾਵਾਂ ਹੇਠ ਕੇਸ ਦਰਜ ਕੀਤਾ, ਜਿਸ ਤਹਿਤ ਆਂਗਣਵਾੜੀ ਵਰਕਰ ਵੀਰਪਾਲ ਕੌਰ ਦੇ ਪਤੀ ਜਗਦੀਸ਼ ਸਿੰਘ ਨੂੰ ਤਾਂ ਗਿਰਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ। ਤੇ ਮਹਿਲ ਆਂਗਨਵਾੜੀ ਵਰਕਰ ਵੀਰਪਾਲ ਕੌਰ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ। ਆਂਗਨਵਾੜੀ ਵਰਕਰ ਵੀਰਪਾਲ ਕੌਰ ਨੇ ਗਿਰਫਤਾਰੀ ਤੋਂ ਬਚਣ ਲਈ ਅਗਾਊਂ ਜਮਾਨਤ ਲਈ ਅਦਾਲਤ ਦਾ ਦਰਵਾਜ਼ਾ ਵੀ ਖਟਖਟਾਇਆ ਸੀ, ਪਰ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਉਸਨੂੰ ਰਾਹਤ ਨਹੀਂ ਮਿਲੀ। ਇਸ ਤੋਂ ਬਾਅਦ ਉਹ ਲਗਾਤਾਰ ਫਰਾਰ ਹੈ ਅਤੇ ਪੁਲਿਸ ਵੱਲੋਂ ਉਸਦੀ ਭਾਲ ਲਈ ਵੱਖ-ਵੱਖ ਥਾਵਾਂ 'ਤੇ ਛਾਪੇ ਮਾਰੇ ਜਾ ਰਹੇ ਹਨ।

ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਇਸ ਮਾਮਲੇ ਵਿੱਚ ਨਾਮਜ਼ਦ ਸਾਰਿਆਂ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ ਅਤੇ ਪੀੜਤਾਂ ਨੂੰ ਇਨਸਾਫ ਦਿਵਾਇਆ ਜਾਵੇਗਾ। ਨਾਲ ਹੀ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਨੌਕਰੀ ਦੇ ਨਾਂ 'ਤੇ ਕਿਸੇ ਵੀ ਵਿਅਕਤੀ ਨੂੰ ਪੈਸੇ ਦੇਣ ਤੋਂ ਪਹਿਲਾਂ ਪੂਰੀ ਜਾਂਚ-ਪੜਤਾਲ ਕਰ ਲੈਣ ਤਾਂ ਜੋ ਇਸ ਤਰ੍ਹਾਂ ਦੀਆਂ ਠੱਗੀਆਂ ਤੋਂ ਬਚਿਆ ਜਾ ਸਕੇ। ਇਹ ਮਾਮਲਾ ਇਕ ਵਾਰ ਫਿਰ ਦਰਸਾਉਂਦਾ ਹੈ ਕਿ ਬੇਰੁਜ਼ਗਾਰੀ ਦਾ ਫਾਇਦਾ ਚੁੱਕ ਕੇ ਕੁਝ ਲੋਕ ਮਾਸੂਮ ਨੌਜਵਾਨਾਂ ਨੂੰ ਆਪਣਾ ਸ਼ਿਕਾਰ ਬਣਾ ਰਹੇ ਹਨ, ਜਿਸ ਕਾਰਨ ਸਮਾਜ ਵਿੱਚ ਚਿੰਤਾ ਦਾ ਮਾਹੌਲ ਬਣ ਰਿਹਾ ਹੈ।

ਗੋਬਿੰਦ ਸਕੂਲ ਭਦੌੜ ਨੇ 'ਯੁੱਧ ਨਸ਼ਿਆਂ ਵਿਰੁੱਧ' ਸਲੋਗਨ ਅਧੀਨ ਮਿੰਨੀ ਮੈਰਾਥਨ ਕਰਵਾਈ

ਭਦੌੜ, 20 ਮਾਰਚ (ਸੁਖਵਿੰਦਰ ਪਲਾਹਾ) : ਬਰਨਾਲਾ ਇਲਾਕੇ ਦੀ ਨਾਮਵਰ ਅਤੇ ਅਗਾਂਹਵਧੂ ਸੰਸਥਾ ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ, ਭਦੌੜ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਸਲੋਗਨ ਅਧੀਨ ਮਿੰਨੀ ਮੈਰਾਥਨ ਦਾ ਆਯੋਜਨ ਕੀਤਾ ਗਿਆ। ਇਹ ਈਵੈਂਟ ਸਕੂਲ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਹੈ। ਇੰਸਪੈਕਟਰ ਹਰਸਿਮਰਨਜੀਤ ਸਿੰਘ (ਐੱਸ. ਐੱਚ.ਓ ਭਦੌੜ), ਸਕੂਲ ਦੇ ਸਰਪ੍ਰਸਤ ਡਾ. ਦਰਸ਼ਨ ਸਿੰਘ ਗਿੱਲ, ਵਾਈਸ ਚੇਅਰਮੈਨ ਸ੍ਰ. ਹਰਪ੍ਰੀਤ ਸਿੰਘ ਗਿੱਲ, ਐੱਮ.ਡੀ ਰਿਚਾ ਪਨੇਸਰ ਗਿੱਲ ਅਤੇ ਪ੍ਰਿੰਸੀਪਲ ਪਵਨ ਕੁਮਾਰ ਠਾਕੁਰ ਨੇ ਇਸ ਮੈਰਾਥਨ ਨੂੰ ਹਰੀ ਝੰਡੀ ਦੇ ਕੇ ਸ਼ੁਰੂ ਕਰਵਾਇਆ। ਇਸ ਮੈਰਾਥਨ ਵਿੱਚ ਛੇਵੀਂ ਤੋਂ ਬਾਰ੍ਹਵੀਂ ਤੱਕ ਦੇ ਲਗਭਗ 500 ਵਿਦਿਆਰਥੀਆਂ ਨੇ ਭਾਗ ਲਿਆ ਅਤੇ ਵਿਦਿਆਰਥੀਆਂ ਨੂੰ ਚਾਰ ਵਰਗਾਂ (ਸੀਨੀਅਰ ਲੜਕੇ- ਲੜਕੀਆਂ ਅਤੇ ਜੂਨੀਅਰ ਲੜਕੇ-ਲੜਕੀਆਂ) ਵਿੱਚ ਵੰਡਿਆ ਗਿਆ। ਮੈਰਾਥਨ ਦੀ ਸ਼ੁਰੂਆਤ ਤਿੰਨ ਕੋਣੀ,ਭਦੌੜ ਤੋਂ ਕੀਤੀ ਗਈ ਅਤੇ ਸਮਾਪਤੀ ਸਕੂਲ ਦੇ ਸ਼ਾਨਦਾਰ ਸਟੇਡੀਅਮ ਸ੍ਰ. ਗੁਲਜ਼ਾਰ ਸਿੰਘ ਮੈਮੋਰੀਅਲ ਸਟੇਡੀਅਮ ਵਿੱਚ ਹੋਈ। ਇਸ ਦੌੜ ਵਿੱਚ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਵਧੀਆ ਪ੍ਰਦਰਸ਼ਨ ਕੀਤਾ। ਇਸ ਮੌਕੇ ਇੰਸਪੈਕਟਰ ਹਰਸਿਮਰਨਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਬੱਚੇ ਸਮਾਜ ਦਾ ਭਵਿੱਖ ਹਨ , ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲਿਆਂ ਨਾਲ ਹੀ ਬੱਚਿਆਂ ਨੂੰ ਸਹੀ ਸੇਧ ਮਿਲਦੀ ਹੈ ਤੇ ਉਹ ਸਮਾਜ ਅਤੇ ਦੇਸ਼ ਨੂੰ ਤਰੱਕੀ ਵੱਲ ਲੈ ਜਾਂਦੇ ਹਨ। ਏ.ਐੱਸ.ਆਈ ਬਲਦੇਵ ਸਿੰਘ,ਹੌਲਦਾਰ ਨਿਰਮਲ ਸਿੰਘ,ਸੀ.ਟੀ. ਲਿਵਤਾਰ ਸਿੰਘ ਅਤੇ ਹਰਜਿੰਦਰ ਸਿੰਘ ਇਸ ਮੌਕੇ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਸਕੂਲ ਵੱਲੋਂ ਇਹ ਮੈਰਾਥਨ ਕਰਵਾਉਣ ਦਾ ਮੰਤਵ ਬੱਚਿਆਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨਾ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਾ ਸੀ। ਸਕੂਲ ਦੇ ਸਰਪ੍ਰਸਤ ਡਾ. ਦਰਸ਼ਨ ਸਿੰਘ ਗਿੱਲ ਨੇ ਬੱਚਿਆਂ ਨੂੰ ਸੰਬੋਧਿਤ ਕਰਦੇ ਹੋਏ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਤੇ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਅਜਿਹੇ ਈਵੈਂਟਾਂ ਵਿੱਚ ਭਾਗ ਲੈਂਦੇ ਰਹਿਣ ਲਈ ਉਤਸ਼ਾਹਿਤ ਕੀਤਾ ਅਤੇ ਨਾਲ ਹੀ ਉਹਨਾਂ ਨੇ ਜਿੱਤ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਵਧਾਈ ਦਿੱਤੀ। ਡਾ: ਦਰਸ਼ਨ ਸਿੰਘ ਗਿੱਲ ਜੀ ਨੇ ਬੱਚਿਆਂ ਨੂੰ ਅਤੇ ਸਕੂਲ ਦੇ ਸਟਾਫ਼ ਨੂੰ ਇਸ ਆਯੋਜਨ ਲਈ ਮੁਬਾਰਕਾਂ ਦਿੱਤੀਆਂ ਅਤੇ ਆਉਂਦੇ ਸਮੇਂ ਵਿੱਚ ਵੀ ਅਜਿਹੇ ਅਗਾਂਹਵਧੂ ਪ੍ਰੋਗਰਾਮ ਆਯੋਜਿਤ ਕਰਨ ਲਈ ਉਤਸ਼ਾਹਿਤ ਕੀਤਾ। ਅੰਤ ਵਿੱਚ ਪ੍ਰਿੰਸੀਪਲ ਪ

ਆਪ੍ਰੇਸ਼ਨ ਕਾਸੋ ਤਹਿਤ 9 ਥਾਵਾਂ 'ਤੇ ਛਾਪੇਮਾਰੀ ਦੌਰਾਨ 56 ਕਾਬੂ, ਹੈਰੋਇਨ ਤੇ ਚੋਰੀ ਦੇ ਮੋਟਰਸਾਈਕਲ ਵੀ ਬਰਾਮਦ

ਬਠਿੰਡਾ, 20 ਮਾਰਚ (ਦੀਪਕ ਸ਼ਰਮਾ): ਬਠਿੰਡਾ ਪੁਲਿਸ ਨੇ ਨਸ਼ਾ ਤਸਕਰਾਂ ਤੇ ਸਮਾਜ ਵਿਰੋਧੀ ਅਨਸਰਾਂ ਦੇ ਗਠਜੋੜ ਨੂੰ ਤੋੜਨ ਲਈ ਵੀਰਵਾਰ ਨੂੰ ਵੱਡੇ ਪੱਧਰ 'ਤੇ "ਕੋਰਡਨ ਐਂਡ ਸਰਚ ਆਪ੍ਰੇਸ਼ਨ" (ਕਾਸੋ) ਚਲਾਇਆ। ਐਸ.ਐਸ.ਪੀ. ਡਾ. ਜਯੋਤੀ ਯਾਦਵ ਦੀ ਅਗਵਾਈ ਹੇਠ ਚਲਾਈ ਗਈ ਇਸ ਮੁਹਿੰਮ ਦਾ ਜਾਇਜ਼ਾ ਲੈਣ ਲਈ ਸਪੈਸ਼ਲ ਡੀ.ਜੀ.ਪੀ. ਜਿਤੇਂਦਰ ਜੈਨ ਖ਼ੁਦ ਮੈਦਾਨ ਵਿੱਚ ਉਤਰੇ। ਇਸ ਕਾਰਵਾਈ ਦੌਰਾਨ ਪੁਲਿਸ ਨੇ ਨਾ ਸਿਰਫ਼ ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਕੀਤੇ, ਸਗੋਂ ਦਰਜਨਾਂ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ। ਇਸ ਤੋਂ ਇਲਾਵਾ ਚੋਰੀ ਕੀਤੇ ਹੋਏ ਅੱਧੀ ਦਰਜਨ ਤੋਂ ਵੱਧ ਮੋਟਰਸਾਈਕਲ ਬਰਾਮਦ ਕੀਤੇ।ਪੁਲਿਸ ਦੀ ਇਸ ਕਾਰਵਾਈ ਦਾ ਮੁੱਖ ਕੇਂਦਰ ਬਠਿੰਡਾ ਦੇਹਾਤੀ ਦੇ ਥਾਣਾ ਸਦਰ ਅਧੀਨ ਪੈਂਦੀ ਬਸਤੀ ਬੀੜ ਤਲਾਬ ਰਹੀ। ਅਪਰੇਸ਼ਨ ਦੀ ਸ਼ੁਰੂਆਤ ਵੇਲੇ ਕਰੀਬ 500 ਪੁਲਿਸ ਮੁਲਾਜ਼ਮਾਂ ਨੇ ਪੂਰੇ ਇਲਾਕੇ ਨੂੰ ਚਾਰੇ ਪਾਸਿਓਂ ਸੀਲ ਕਰ ਦਿੱਤਾ ਤਾਂ ਜੋ ਕੋਈ ਵੀ ਸ਼ੱਕੀ ਵਿਅਕਤੀ ਬਚ ਕੇ ਨਾ ਨਿਕਲ ਸਕੇ। ਪੁਲਿਸ ਟੀਮਾਂ ਨੇ ਜ਼ਿਲ੍ਹੇ ਦੇ 9 ਵੱਖ-ਵੱਖ ਟਿਕਾਣਿਆਂ 'ਤੇ ਇੱਕੋ ਸਮੇਂ ਦਬਿਸ਼ ਦਿੱਤੀ ਤੇ ਕਰੀਬ 76 ਘਰਾਂ ਦੀ ਬਾਰੀਕੀ ਨਾਲ ਤਲਾਸ਼ੀ ਲਈ।

ਇਸ ਤਲਾਸ਼ੀ ਮੁਹਿੰਮ ਦੌਰਾਨ 56 ਸ਼ੱਕੀ ਵਿਅਕਤੀਆਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਗਿਆ। ਪੁਲਿਸ ਨੇ ਵੱਖ-ਵੱਖ ਮਾਮਲਿਆਂ ਵਿੱਚ 10 ਐਫ.ਆਈ.ਆਰ. ਦਰਜ ਕਰਕੇ 56 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਇਸ ਪੂਰੀ ਕਾਰਵਾਈ ਦੌਰਾਨ ਪੁਲਿਸ ਦੇ ਹੱਥ 55.52 ਗ੍ਰਾਮ ਹੈਰੋਇਨ, 245 ਨਸ਼ੀਲੀਆਂ ਗੋਲੀਆਂ ਅਤੇ ਚੋਰੀ ਦੇ 8 ਮੋਟਰਸਾਈਕਲ ਲੱਗੇ ਹਨ।ਮੌਕੇ 'ਤੇ ਪਹੁੰਚੇ ਸਪੈਸ਼ਲ ਡੀ.ਜੀ.ਪੀ. ਜਿਤੇਂਦਰ ਜੈਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਪੱਸ਼ਟ ਕੀਤਾ ਕਿ ਪੁਲਿਸ ਦਾ ਇਹ ਅਪਰੇਸ਼ਨ ਨਿਰੰਤਰ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਇਹ ਧਾਰਨਾ ਗਲਤ ਹੈ ਕਿ ਪੁਲਿਸ ਸਿਰਫ ਛੋਟੇ ਮੋਟੇ ਨਸ਼ਾ ਵੇਚਣ ਵਾਲਿਆਂ 'ਤੇ ਕਾਰਵਾਈ ਕਰਦੀ ਹੈ। ਉਨ੍ਹਾਂ ਅੰਕੜੇ ਸਾਂਝੇ ਕਰਦਿਆਂ ਦੱਸਿਆ ਕਿ ਮਾਰਚ 2025 ਤੋਂ ਹੁਣ ਤੱਕ ਨਸ਼ਿਆਂ ਦੇ ਮਾਮਲਿਆਂ ਵਿੱਚ 2100 ਤੋਂ ਵੱਧ ਮੁਕੱਦਮੇ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 600 ਮਾਮਲੇ ਖਾਸ ਤੌਰ 'ਤੇ ਨਸ਼ੇ ਦੇ ਗੜ੍ਹ (ਹੌਟਸਪੌਟ) ਮੰਨੇ ਜਾਂਦੇ ਇਲਾਕਿਆਂ ਨਾਲ ਸਬੰਧਤ ਹਨ। ਪੁਲਿਸ ਨੇ ਹੁਣ ਤੱਕ 78 ਮਾਮਲਿਆਂ ਵਿੱਚ ਤਸਕਰਾਂ ਦੀ ਕਰੀਬ 13 ਕਰੋੜ ਰੁਪਏ ਦੀ ਜਾਇਦਾਦ ਵੀ ਫਰੀਜ਼ ਕੀਤੀ ਹੈ। ਡੀ.ਜੀ.ਪੀ. ਨੇ ਅੱਗੇ ਦੱਸਿਆ ਕਿ ਬਠਿੰਡਾ ਪੁਲਿਸ ਨੇ ਹੁਣ ਤੱਕ 8 ਕਿਲੋ ਤੋਂ ਵੱਧ ਹੈਰੋਇਨ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਪੁਲਿਸ ਹੁਣ ਜੇਲ੍ਹਾਂ ਵਿੱਚੋਂ ਜ਼ਮਾਨਤ 'ਤੇ ਬਾਹਰ ਆਏ ਅਪਰਾਧੀਆਂ 'ਤੇ 'ਆਪ੍ਰੇਸ਼ਨ ਕਾਸੋ' ਤਹਿਤ ਤਿੱਖੀ ਨਜ਼ਰ ਰੱਖ ਰਹੀ ਹੈ। ਗ੍ਰਿਫ਼ਤਾਰੀਆਂ ਦੇ ਨਾਲ-ਨਾਲ ਪੁਲਿਸ ਵੱਲੋਂ ਨਸ਼ਾ ਮੁਕਤੀ ਤੇ ਪੁਨਰਵਾਸ 'ਤੇ ਵੀ ਜ਼ੋਰ ਦਿੱਤਾ ਜਾ ਰਿਹਾ ਹੈ। ਸਕੂਲਾਂ-ਕਾਲਜਾਂ ਵਿੱਚ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ ਤੇ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿੱਚੋਂ ਕੱਢ ਕੇ ਖੇਡਾਂ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

ਵਿਜੀਲੈਂਸ ਤੇ ਸਿਹਤ ਵਿਭਾਗ ਵੱਲੋਂ ਮਿਲਾਵਟਖੋਰਾਂ ਵਿਰੁੱਧ ਕਾਰਵਾਈ

ਬਠਿੰਡਾ, 20 ਮਾਰਚ (ਦੀਪਕ ਸ਼ਰਮਾ): ਲੋਕਾਂ ਦੀ ਸਿਹਤ ਨਾਲ ਨੂੰ ਯਕੀਨੀ ਬਣਾਉਣ ਲਈ ਸਿਹਤ ਵਿਭਾਗ ਅਤੇ ਵਿਜੀਲੈਂਸ ਵਿਭਾਗ ਨੇ ਸਾਂਝੇ ਤੌਰ 'ਤੇ ਮੋਰਚਾ ਖੋਲ੍ਹਿਆ ਹੈ। ਸ਼ੁੱਕਰਵਾਰ ਨੂੰ ਟੀਮਾਂ ਨੇ ਵੱਖ-ਵੱਖ ਗਰੁੱਪ ਬਣਾ ਕੇ ਸਿਰਕੀ ਬਾਜ਼ਾਰ ਸਮੇਤ ਸ਼ਹਿਰ ਦੇ ਕਈ ਇਲਾਕਿਆਂ ਵਿੱਚ ਡੇਅਰੀਆਂ ਦੀ ਬਾਰੀਕੀ ਨਾਲ ਚੈਕਿੰਗ ਕੀਤੀ। ਜਾਂਚ ਦੌਰਾਨ ਦੁੱਧ, ਘਿਓ ਅਤੇ ਪਨੀਰ ਦੀ ਗੁਣਵੱਤਾ ਨੂੰ ਪਰਖਿਆ ਗਿਆ। ਕਈ ਥਾਵਾਂ 'ਤੇ ਉਤਪਾਦ ਸ਼ੱਕੀ ਪਾਏ ਜਾਣ 'ਤੇ ਤੁਰੰਤ ਉਨ੍ਹਾਂ ਦੇ ਸੈਂਪਲ ਭਰ ਕੇ ਸਰਕਾਰੀ ਲੈਬਾਰਟਰੀ ਵਿੱਚ ਜਾਂਚ ਲਈ ਭੇਜ ਦਿੱਤੇ ਗਏ ਹਨ।ਖਾਸ ਕਰਕੇ ਸਿਰਕੀ ਬਾਜ਼ਾਰ ਦੀ ਇੱਕ ਪ੍ਰਮੁੱਖ ਡੇਅਰੀ 'ਤੇ ਹੋਈ ਕਾਰਵਾਈ ਦੌਰਾਨ ਟੀਮ ਨੇ ਘਿਓ ਅਤੇ ਪਨੀਰ ਦੇ ਨਮੂਨੇ ਲਏ। ਚੈਕਿੰਗ ਦੌਰਾਨ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਣ ਦੀ ਇਜਾਜ਼ਤ ਕਿਸੇ ਨੂੰ ਨਹੀਂ ਦਿੱਤੀ ਜਾਵੇਗੀ। ਦੁਕਾਨਦਾਰਾਂ ਨੂੰ ਸਾਫ਼-ਸਫ਼ਾਈ ਅਤੇ ਫੂਡ ਸੇਫਟੀ ਦੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਤਾਕੀਦ ਕੀਤੀ ਗਈ ਹੈ।

ਫੂਡ ਸੇਫਟੀ ਅਫ਼ਸਰ ਨਵਦੀਪ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਮੁਹਿੰਮ ਦਾ ਮਕਸਦ ਲੋਕਾਂ ਨੂੰ ਮਿਲਾਵਟ ਰਹਿਤ ਖਾਣਾ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਵਿਭਾਗ ਦੀਆਂ ਨਜ਼ਰਾਂ ਹਰ ਸ਼ੱਕੀ ਗਤੀਵਿਧੀ 'ਤੇ ਹਨ ਅਤੇ ਇਹ ਚੈਕਿੰਗ ਲਗਾਤਾਰ ਜਾਰੀ ਰਹੇਗੀ।ਦੂਜੇ ਪਾਸੇ, ਡੀ.ਐਸ.ਪੀ. ਵਿਜੀਲੈਂਸ ਕੁਲਵੰਤ ਸਿੰਘ ਨੇ ਸਖ਼ਤ ਲਹਿਜੇ ਵਿੱਚ ਕਿਹਾ ਕਿ ਜੇਕਰ ਲੈਬ ਟੈਸਟ ਵਿੱਚ ਭੇਜੇ ਗਏ ਨਮੂਨੇ ਫੇਲ੍ਹ ਪਾਏ ਜਾਂਦੇ ਹਨ, ਤਾਂ ਸਬੰਧਤ ਦੁਕਾਨਦਾਰਾਂ ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਕੀਤੇ ਜਾਣਗੇ। ਉਨ੍ਹਾਂ ਸਾਫ਼ ਕਿਹਾ ਕਿ ਮਿਲਾਵਟਖੋਰੀ ਇੱਕ ਅਜਿਹਾ ਅਪਰਾਧ ਹੈ ਜਿਸ ਵਿੱਚ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਪੁਲਿਸ ਤੇ ਸਿਹਤ ਵਿਭਾਗ ਦੇ ਇਸ ਸਾਂਝੇ ਐਕਸ਼ਨ ਤੋਂ ਬਾਅਦ ਸ਼ਹਿਰ ਦੇ ਹੋਰਨਾਂ ਹਿੱਸਿਆਂ ਵਿੱਚ ਵੀ ਮਿਲਾਵਟਖੋਰਾਂ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ।

ਮਾਨਸੂਨ ਦੌਰਾਨ ਸ਼ਹਿਰ ਵਾਸੀਆਂ ਨੂੰ ਬਰਸਾਤੀ ਪਾਣੀ ਦੀ ਸਮੱਸਿਆ ਤੋਂ ਮਿਲੇਗੀ ਰਾਹਤ : ਮੇਅਰ

ਬਠਿੰਡਾ, 20 ਮਾਰਚ (ਦੀਪਕ ਸ਼ਰਮਾ): ਬਠਿੰਡਾ ਸ਼ਹਿਰ ਵਿੱਚ ਮਾਨਸੂਨ ਦੌਰਾਨ ਬਰਸਾਤੀ ਪਾਣੀ ਦੀ ਨਿਕਾਸੀ ਦੀ ਗੰਭੀਰ ਸਮੱਸਿਆ ਨੂੰ ਜੜ੍ਹੋਂ ਖਤਮ ਕਰਨ ਲਈ ਨਗਰ ਨਿਗਮ ਹੁਣ ਪੂਰੀ ਤਰ੍ਹਾਂ ਹਰਕਤ ਵਿੱਚ ਆ ਗਿਆ ਹੈ। ਸ਼ਹਿਰ ਵਾਸੀਆਂ ਨੂੰ ਬਰਸਾਤਾਂ ਦੌਰਾਨ ਹੋਣ ਵਾਲੀ ਖੱਜਲ-ਖੁਆਰੀ ਤੇ ਜਲ-ਥਲ ਦੀ ਸਥਿਤੀ ਤੋਂ ਨਿਜਾਤ ਦਿਵਾਉਣ ਲਈ ਮੇਅਰ ਪਦਮ ਮਹਿਤਾ ਨੇ ਇੱਕ ਵਿਸ਼ੇਸ਼ ਰਣਨੀਤੀ ਤਹਿਤ ਸਾਰੇ ਸਬੰਧਤ ਵਿਭਾਗਾਂ ਨੂੰ ਤੁਰੰਤ ਸਰਗਰਮ ਹੋਣ ਦੇ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ। ਮੇਅਰ ਨੇ ਸਾਫ਼ ਕਰ ਦਿੱਤਾ ਹੈ ਕਿ ਇਸ ਵਾਰ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਮੇਅਰ ਨੇ ਦੱਸਿਆ ਕਿ ਨਗਰ ਨਿਗਮ ਵੱਲੋਂ ਬਰਸਾਤੀ ਪਾਣੀ ਦੀ ਨਿਕਾਸੀ ਲਈ ਅਗੇਤੇ ਪ੍ਰਬੰਧਾਂ 'ਤੇ ਤੇਜ਼ੀ ਨਾਲ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਤਜਰਬਿਆਂ ਨੂੰ ਧਿਆਨ ਵਿੱਚ ਰੱਖਦਿਆਂ, ਸ਼ਹਿਰ ਦੇ ਉਨ੍ਹਾਂ ਨੀਵੇਂ ਇਲਾਕਿਆਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਜਿੱਥੇ ਪਾਣੀ ਭਰਨ ਦੀ ਸਮੱਸਿਆ ਜ਼ਿਆਦਾ ਰਹਿੰਦੀ ਹੈ। ਮੇਅਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਿਕਾਸੀ ਨਾਲਿਆਂ ਅਤੇ ਡਰੇਨੇਜ ਸਿਸਟਮ ਦੀ ਸਫਾਈ ਦਾ ਕੰਮ ਮਾਨਸੂਨ ਦੇ ਆਉਣ ਤੋਂ ਪਹਿਲਾਂ-ਪਹਿਲਾਂ ਮੁਕੰਮਲ ਕਰ ਲਿਆ ਜਾਵੇ ਤਾਂ ਜੋ ਭਾਰੀ ਬਾਰਿਸ਼ ਦੌਰਾਨ ਪਾਣੀ ਦੀ ਨਿਕਾਸੀ ਨਿਰਵਿਘਨ ਹੋ ਸਕੇ।

ਮੇਅਰ ਨੇ ਪੂਰੇ ਭਰੋਸੇ ਨਾਲ ਕਿਹਾ ਕਿ ਨਗਰ ਨਿਗਮ ਵੱਲੋਂ ਕੀਤੇ ਜਾ ਰਹੇ ਇਨ੍ਹਾਂ ਸੁਹਿਰਦ ਯਤਨਾਂ ਅਤੇ ਵਿਭਾਗਾਂ ਦੀ ਸਰਗਰਮੀ ਸਦਕਾ ਆਉਣ ਵਾਲੇ ਬਰਸਾਤੀ ਸੀਜ਼ਨ ਵਿੱਚ ਸ਼ਹਿਰ ਵਾਸੀਆਂ ਨੂੰ ਪਾਣੀ ਭਰਨ ਵਰਗੀਆਂ ਦਿੱਕਤਾਂ ਤੋਂ ਵੱਡੀ ਰਾਹਤ ਮਿਲੇਗੀ। ਉਨ੍ਹਾਂ ਉਮੀਦ ਜਤਾਈ ਕਿ ਬੁਨਿਆਦੀ ਢਾਂਚੇ ਵਿੱਚ ਕੀਤੇ ਜਾ ਰਹੇ ਇਨ੍ਹਾਂ ਸੁਧਾਰਾਂ ਨਾਲ ਬਠਿੰਡਾ ਵਾਸੀਆਂ ਨੂੰ ਬਰਸਾਤਾਂ ਦੌਰਾਨ ਪਹਿਲਾਂ ਵਾਂਗ ਪ੍ਰੇਸ਼ਾਨੀ ਨਹੀਂ ਝੱਲਣੀ ਪਵੇਗੀ ਅਤੇ ਸ਼ਹਿਰ ਦਾ ਮਾਹੌਲ ਸੁਖਾਵਾਂ ਬਣਿਆ ਰਹੇਗਾ।

ਅਗਰਵਾਲ ਸਭਾ ਨੇ ਨਵਾਂ ਸੰਮਤ ਤੇ ਏਕਮ ਦਾ ਦਿਹਾੜਾ ਧੂਮਧਾਮ ਨਾਲ ਮਨਾਇਆ

ਸੁਨਾਮ, 20 ਮਾਰਚ (ਮੋਹਣ ਸ਼ਰਮਾ/ਰਾਘੂਵਰਿੰਦਰ ਮਠਾੜੂ): ਅਗਰਵਾਲ ਸਭਾ

(ਰਜਿ.) ਸੁਨਾਮ ਵੱਲੋਂ ਹਰ ਦੇਸੀ ਮਹੀਨੇ ਦੀ ਪਹਿਲੀ ਤਾਰੀਕ ਨੂੰ ਮਨਾਇਆ ਜਾਣ ਵਾਲਾ ਏਕਮ ਦਾ ਦਿਹਾੜਾ ਤੇ ਨਵਾਂ ਬਿਕ੍ਰਮੀ ਸੰਮਤ 2083 'ਤੇ ਨਰਾਤਿਆਂ ਦੀ ਸ਼ੁਰੂਆਤ ਦਾ ਦਿਹਾੜਾ ਬੜੀ ਧੂਮਧਾਮ ਨਾਲ ਮਹਾਰਾਜਾ ਅਗਰਸੇਨ ਚੌਕ ਵਿੱਖੇ ਮਨਾਇਆ ਗਿਆ। ਇਸ ਮੌਕੇ ਤੇ ਪੂਜਾ ਅਰਚਨਾ ਤੇ ਭੋਗ ਪ੍ਰਸ਼ਾਦ ਦੀ ਸੇਵਾ ਰਿਟਾ, ਸੀਨੀਅਰ ਫਾਰਮਾਸਿਸਟ ਡਾ. ਸੱਤ ਪਾਲ ਗਰਗ ਧਰਮਗੜ੍ਹ ਵਾਲਿਆਂ ਦੇ ਪ੍ਰੀਵਾਰ ਵੱਲੋਂ ਕੀਤੀ ਗਈ। ਇਸ ਮੌਕੇ ਤੇ ਭਾਰੀ ਗਿਣਤੀ ਵਿੱਚ ਇਕੱਠੇ ਹੋਏ ਅਗਰਵਾਲ ਭੈਣਾਂ ਭਰਾਵਾਂ ਨੂੰ ਸੰਬੋਧਨ ਕਰਦਿਆਂ ਅਗਰੋਹਾ ਵਿਕਾਸ ਟਰੱਸਟ ਪੰਜਾਬ ਦੇ ਸਪੋਕਸਮੈਨ ਮਨਪ੍ਰੀਤ ਬਾਂਸਲ, ਅਗਰਵਾਲ ਸਭਾ ਦੇ ਪ੍ਰਧਾਨ ਵਿਕਰਮ ਗਰਗ ਵਿਕੀ ਅਤੇ ਸਰਪ੍ਰਸਤ ਕ੍ਰਿਸ਼ਨ ਸੰਦੋਹਾ ਨੇ ਗਰਗ ਪ੍ਰੀਵਾਰ ਦਾ ਧੰਨਵਾਦ ਕੀਤਾ ਤੇ ਅਰਦਾਸ ਕੀਤੀ ਪ੍ਰਮਾਤਮਾ ਪ੍ਰੀਵਾਰ ਨੂੰ ਹਮੇਸ਼ਾ ਚੜਦੀਕਲਾ ਵਿੱਚ ਰੱਖੇ ਤੰਦਰੁਸਤੀਆਂ ਬਖਸ਼ੇ, ਘਰ ਪ੍ਰੀਵਾਰ ਵਿੱਚ ਸੁੱਖ ਸਾਂਤੀ ਤੇ ਪ੍ਰੇਮ ਪਿਆਰ ਬਣਿਆ ਰਹੇ। ਅਗਰਵਾਲ ਭੈਣਾਂ ਭਰਾਵਾਂ ਨੂੰ ਬੇਨਤੀ ਕੀਤੀ ਗਈ ਕੇ ਹਰ ਮਹੀਨੇ ਏਕਮ ਦੇ ਦਿਹਾੜੇ ਤੇ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋਇਆ ਕਰਨ। ਇਸ ਤੋਂ ਇਲਾਵਾ ਹਰ ਪ੍ਰੀਵਾਰ ਨੂੰ ਆਪਣੇ ਘਰਾਂ ਅੰਦਰ ਪੂਜਾ ਸਥਾਨ ਵਿੱਚ ਮਹਾਰਾਜਾ ਅਗਰਸੇਨ ਜੀ ਦੀ ਇੱਕ ਫੋਟੋ ਲਾ ਕੇ ਬਾਕੀ ਦੇਵੀ ਦੇਵਤਿਆਂ ਨਾਲ ਆਪਣੇ ਵੱਡ ਵਡੇਰਿਆਂ ਦੀ ਪੂਜਾ ਵੀ ਕਰਿਆ ਕਰਨ। ਇਸ ਮੌਕੇ ਤੇ ਪ੍ਰਧਾਨ ਵਿਕਰਮ ਗਰਗ ਵਿਕੀ, ਹਰੀ ਦੇਵ ਗੋਇਲ, ਮਨਪ੍ਰੀਤ ਬਾਂਸਲ, ਕ੍ਰਿਸ਼ਨ ਸੰਦੋਹਾ, ਰਾਮ ਲਾਲ ਰਮਾ ਆਲਮਪੁਰੀਆ, ਹਕੂਮਤ ਰਾਏ ਜਿੰਦਲ, ਪ੍ਰਭਾਤ ਜਿੰਦਲ, ਸ਼ਿਵ ਜਿੰਦਲ, ਮਾ. ਰਾਜੀਵ ਬਿੰਦਲ, ਡਾ, ਸੱਤਪਾਲ ਗਰਗ,ਰਾਮ ਲਾਲ ਭੁਟਾਲੀਆ, ਪਵਨ ਜਿੰਦਲ ਫਾਰਮਾਸਿਸਟ, ਸੰਕਰ ਬਾਂਸਲ, ਕੇਵਲ ਕ੍ਰਿਸ਼ਨ ਮੈਨੇਜਰ, ਲਾਜਪਤ ਰਾਏ ਗਰਗ, ਮਨੀਸ਼ ਗਰਗ ਮੋਨੂੰ, ਚਿਰਾਗ ਗਰਗ, ਸ਼ਾਮ ਲਾਲ ਵਕੀਲ, ਆਰ ਡੀ ਕਾਂਸਲ, ਗਿਆਨ ਚੰਦ ਗੁਪਤਾ, ਗੌਰਵ ਜਨਾਲੀਆ, ਯਸ਼ਪਾਲ ਸਿੰਗਲਾ, ਰਾਜਿੰਦਰ ਸਿੰਗਲਾ ਕਾਲਾ ਧਰਮਗੜ੍ਹ, ਸੁਰੇਸ਼ ਜਿੰਦਲ ਐਡਵੋਕੇਟ, ਮੁਕੇਸ਼ ਗਰਗ, ਧੀਰਜ ਗੋਇਲ, ਅਜੈ ਜਿੰਦਲ ਮਸਤਾਨੀ, ਕਾਲਾ ਨਾਗਰਾ ਭੀਮ ਸੈਨ ਧਰਮਗੜ੍ਹ, ਵਿਮਲ ਜੈਨ, ਗਿਰਧਾਰੀ ਲਾਲ ਜਿੰਦਲ, ਜੀਵਨ ਰੋਕੀ, ਨਰੇਸ਼ ਸਿੰਗਲਾ ਭੁਟਾਲੀਆ, ਸੰਜੀਵ ਜਿੰਦਲ, ਰਾਜ ਕੁਮਾਰ ਗੋਇਲ, ਮਹਿੰਦਰ ਜੈਨ, ਪ੍ਰਦੀਪ ਬਾਂਸਲ, ਸੁਭਮ ਜੈਨ,ਯਸ਼ਪਾਲ ਗਰਗ, ਨਵੀਨ ਗਰਗ, ਸੰਦੀਪ ਗਰਗ,ਰਮਨ ਗਰਗ, ਬਲਦੇਵ ਕ੍ਰਿਸ਼ਨ ਸਿੰਗਲਾ, ਅਮਨ ਬਾਂਸਲ, ਖੁਸ਼ਦੀਪ ਬਾਂਸਲ, ਰਵੀ ਸਿੰਗਲਾ, ਪ੍ਰੇਮ ਕੁਮਾਰ ਗੋਇਲ, ਭੂਪੇਸ਼ ਗੋਇਲ, ਰਾਜ ਕੁਮਾਰ ਸਿੰਗਲਾ ਫਾਰਮੇਸੀ ਅਫਸਰ, ਸੁਧੀਰ ਸਿੰਗਲਾ ਫਾਰਮੇਸੀ ਅਫਸਰ, ਤਰਸੇਮ ਗੋਇਲ, ਜੀਵਨ ਗਰਗ ਐਸ, ਡੀ, ਓ, ਧੀਰਜ ਬਾਂਸਲ, ਅਮਰ ਗਰਗ, ਜੈਪਾਲ ਗਰਗ, ਸਲੋਚਣਾ ਦੇਵੀ, ਅਨੀਤਾ ਗਰਗ, ਚੰਚਲ ਬਾਂਸਲ, ਕਵਿਤਾ ਬਾਂਸਲ, ਕਵਿਤਾ ਗੋਇਲ, ਸੀਮਾ ਜਿੰਦਲ, ਦਰਸ਼ਣਾ ਦੇਵੀ ਤੇ ਕਮਲੇਸ਼ ਗਰਗ ਸਮੇਤ ਭਾਰੀ ਗਿਣਤੀ ਵਿੱਚ ਅਗਰਵਾਲ ਭੈਣ ਭਰਾ ਹਾਜਰ ਸਨ।

ਕਿਸਾਨ ਯੂਨੀਅਨ ਏਕਤਾ (ਆਜ਼ਾਦ) ਦਿੜ੍ਹਬਾ ਬਲਾਕ ਦੀ ਮੀਟਿੰਗ ਹੋਈ

ਦਿੜ੍ਹਬਾ ਮੰਡੀ, 20 ਮਾਰਚ (ਸੁਖਵਿੰਦਰ ਸਿੰਘ ਵਿਰਕ): ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਦਿੜ੍ਹਬਾ ਬਲਾਕ ਦੀ ਮੀਟਿੰਗ ਬਲਾਕ ਪ੍ਰਧਾਨ ਨਾਇਬ ਸਿੰਘ ਗੁੱਜਰਾਂ ਦੀ ਅਗਵਾਈ ਹੇਠ ਗੁਰਦੁਆਰਾ ਬਾਬਾ ਬੈਰਸੀਆਣਾ ਸਾਹਿਬ ਵਿਖੇ ਕੀਤੀ ਗਈ ਮੀਟਿੰਗ ਵਿੱਚ ਬਹੁ ਗਿਣਤੀ ਪਿੰਡ ਇਕਾਈਆਂ ਨੇ ਭਾਗ ਲਿਆ,ਬਲਾਕ ਦੀ ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਸੂਬਾ ਆਗੂ ਦਿਲਬਾਗ ਸਿੰਘ ਹਰੀਗੜ੍ਹ ਨੇ ਸ਼ਿਰਕਤ ਕੀਤੀ ਦਿੜ੍ਹਬਾ ਬਲਾਕ ਦੇ ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਮਜ਼ਦੂਰਾਂ ਨਾਲ ਵਾਰ ਵਾਰ ਮੀਟਿੰਗਾਂ ਦਾ ਸਮਾਂ ਤੈਅ ਕਰਕੇ ਉਨ੍ਹਾਂ ਤੋਂ ਪਿੱਛੇ ਹਟ ਰਹੀ ਹੈ, ਜੋ ਕਿ ਕਿਸਾਨਾਂ ਮਜ਼ਦੂਰਾਂ ਨਾਲ ਧੋਖਾ ਹੈ,ਕਿਸਾਨ ਆਗੂਆਂ ਨੇ ਦੱਸਿਆ ਕਿ ਜਦੋਂ ਵੀ ਮੁੱਖ ਮੰਤਰੀ ਪੰਜਾਬ ਰੈਲੀਆਂ ਲਈ ਵੱਖ ਵੱਖ ਜ਼ਿਲ੍ਹਿਆਂ ਵਿੱਚ ਜਾਂਦੇ ਹਨ ਤਾਂ ਉਸ ਵੇਲੇ ਕਿਸਾਨ ਮਜ਼ਦੂਰ ਮੋਰਚਾ ਸ਼ਾਂਤਮਈ ਢੰਗ ਨਾਲ ਆਪਣੇ ਸਵਾਲ ਰੱਖਦਾ ਹੈ ਤਾਂ ਵੱਖ ਵੱਖ ਜ਼ਿਲ੍ਹਿਆਂ ਦੇ ਡੀ ਸੀਜ਼ ਵੱਲੋਂ ਲਿਖਤੀ ਰੂਪ

ਪਟਿਆਲਾ-ਆਸ/ਪਾਸ

ਬੀਬਾ ਹਰਸਿਮਰਤ ਕੌਰ ਬਾਦਲ ਵੱਲੋਂ ਕੇਂਦਰ ਸਰਕਾਰ ਕੋਲ ਰੇਲਵੇ ਦਾ ਮੁੱਦਾ ਉਠਾਉਣਾ ਸ਼ਲਾਘਾਯੋਗ : ਜਥੇਦਾਰ ਬਘੌਰਾ

➢ਹਜ਼ੂਰ ਸਾਹਿਬ ਤੇ ਪਟਨਾ ਸਾਹਿਬ ਲਈ ਫਿਰੋਜ਼ਪੁਰ ਮੰਡਲ ਜੰਕਸ਼ਨ ਤੋਂ ਵੰਦੇ ਭਾਰਤ ਟ੍ਰੇਨਾਂ ਲਈ ਪਾਰਲੀਮੈਂਟ ਵਿੱਚ ਚੁੱਕੀ ਆਵਾਜ਼

ਘਨੌਰ, 20 ਮਾਰਚ (ਮਦਨ ਲਾਲ) : ਬਠਿੰਡਾ ਤੋਂ ਮੈਂਬਰ ਪਾਰਲੀਮੈਂਟ ਸਾਬਕਾ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਵੱਲੋਂ ਕੱਲ ਲੋਕ ਸਭਾ ਦੇ ਵਿੱਚ ਸੰਗਤਾਂ ਦੀ ਮੰਗ ਵਾਸਤੇ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਨੂੰ ਜਾਣ ਵਾਲੀਆਂ ਟ੍ਰੇਨਾਂ ਦੇ ਵਿੱਚ ਵਾਧਾ ਕਰਨ ਲਈ ਆਵਾਜ਼ ਬੁਲੰਦ ਕੀਤੀ ਹੈ ਇਸ ਦੀ ਜਾਣਕਾਰੀ ਸਾਂਝੀ ਕਰਦਿਆਂ ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰਚਾਰ ਸਕੱਤਰ ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਅਸੀਂ ਪਿਛਲੇ ਦਿਨੀਂ ਮੈਂਬਰ ਪਾਰਲੀਮੈਂਟ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਇਸ ਸੰਗਤਾਂ ਦੀ ਮੰਗ ਰੱਖੀ ਸੀ ਉਨ੍ਹਾਂ ਵੱਲੋਂ ਪਾਰਲੀਮੈਂਟ ਵਿੱਚ ਇਸ ਮੰਗ 'ਤੇ ਸਦਨ ਵਿੱਚ ਪੰਜਾਬ ਤੋਂ ਹਜ਼ੂਰ ਸਾਹਿਬ ਅਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨੂੰ ਜਾਣ ਵਾਲੀਆਂ ਟ੍ਰੇਨਾਂ ਦੇ ਟਾਇਮ ਟੇਬਲ ਵਿੱਚ ਵਾਅਦਾ ਕੀਤਾ ਜਾਵੇ।

ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਅਸੀਂ ਬੀਬਾ ਹਰਸਿਮਰਤ ਕੌਰ ਬਾਦਲ ਇਸ ਸੰਗਤਾਂ ਦੀ ਮੰਗ ਨੂੰ ਪਾਰਲੀਮੈਂਟ ਵਿੱਚ ਚੁੱਕੇ ਜਾਣ 'ਤੇ ਧੰਨਵਾਦ ਕਰਦੇ ਹਾਂ ਅਸੀਂ ਆਸ ਕਰਦੇ ਹਾਂ ਕਿ ਪਿਛਲੇ ਕਈ ਸਾਲਾਂ ਤੋਂ ਪੰਜਾਬ ਦੀਆਂ ਸੰਗਤਾਂ ਦੀ ਮੰਗ ਨੂੰ ਪੂਰਾ ਕੀਤਾ ਜਾਵੇਗਾ। ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਉਨ੍ਹਾਂ ਵੱਲੋਂ ਇਸ ਮੰਗ 'ਤੇ ਸਦਨ ਵਿੱਚ ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਅਤੇ ਗੁਰਦੁਆਰਾ ਸ੍ਰੀ ਮੁਕਤਸਰ ਸਾਹਿਬ ਅਤੇ ਅੰਮ੍ਰਿਤਸਰ ਸਾਹਿਬ ਤੋਂ ਨਵੇਂ ਰੋਕ ਵੰਦੇ ਭਾਰਤ ਦੇ ਰੂਪ ਵਿੱਚ ਟ੍ਰੇਨਾਂ ਨੂੰ ਚਲਾਇਆ ਜਾਵੇ। ਅਖੀਰ ਵਿੱਚ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਕੇਂਦਰ ਸਰਕਾਰ ਨੇ ਨਵੇਂ ਬਜਟ ਵਿੱਚ ਰੇਲਵੇ ਦੇ ਸਬੰਧ ਵਿੱਚ ਕੋਈ ਤਜਵੀਜ਼ ਨਹੀਂ ਰੱਖੀ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪਿਛਲੇ ਸਮੇਂ ਤੋਂ ਜੋ ਬਜਟ'ਚ ਸੀਨੀਅਰ ਸਿਟੀਜ਼ਨ ਦਾ ਕੋਟਾ ਵੀ ਬਹਾਲ ਕੀਤਾ ਜਾਵੇ ਅਤੇ ਹਜ਼ੂਰ ਸਾਹਿਬ ਦੀ ਤਰਜ਼ 'ਤੇ ਸ੍ਰੀ ਅਕਾਲ ਤੱਖਤ ਸਾਹਿਬ ਅਤੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਲਈ ਸੀਟਾਂ ਦਾ ਸਪੈਸ਼ਲ ਕੋਟਾ ਰੱਖਿਆ ਜਾਵੇ ਅਖੀਰ ਵਿੱਚ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਬੀਬਾ ਹਰਸਿਮਰਤ ਕੌਰ ਜੀ ਵੱਲੋਂ ਪਾਰਲੀਮੈਂਟ ਵਿੱਚ ਪਟਿਆਲਾ ਦੇ ਰਾਜਪੁਰਾ ਰੇਲਵੇ ਜੰਗਸ਼ਨ ਤੇ ਪਟਨਾ ਸਾਹਿਬ ਨੂੰ ਜਾਣ ਵਾਲੀਆਂ ਟ੍ਰੇਨਾਂ ਅਕਾਲ ਤਖਤ ਐਕਸਪ੍ਰੈਸ ਟ੍ਰੇਨ ਨੰਬਰ 12318+12317 ਗੁਰਮੁਖੀ ਐਕਸਪ੍ਰੈਸ ਟ੍ਰੇਨ ਨੰਬਰ 12325+12326 ਪਟਨਾ ਸਾਹਿਬ ਨੂੰ ਜਾਂਦੀਆਂ ਹਨ ਉਹਨਾਂ ਨੂੰ ਰਾਜਪੁਰਾ ਰੇਲਵੇ ਸਟੇਸ਼ਨ 'ਤੇ ਰੋਕਣ ਲਈ ਪਾਰਲੀਮੈਂਟ ਵਿੱਚ ਰੇਲਵੇ ਮੰਤਰੀ ਕੋਲ ਸਪੈਸ਼ਲ ਮੰਗ ਕੀਤੀ ਹੈ। ਇਸ ਤੋਂ ਆਸ ਕਰਦੇ ਹਾਂ ਕਿ ਸੰਗਤਾਂ ਦੀ ਮੰਗ 'ਤੇ ਗੌਰ ਕੀਤੀ ਜਾਵੇ।

ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਵੱਲੋਂ ਵਾਰਡ 60 ਧਾਮੋਮਾਜਰਾ ਤੋਂ ਤੀਰਥ ਯਾਤਰਾ ਬੱਸ ਰਵਾਨਾ

ਪਟਿਆਲਾ, 20 ਮਾਰਚ (ਰੁਪਾਣਾ) : ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਲਗਾਤਾਰ ਵਚਨਬੱਧ ਹੈ ਅਤੇ ਵੱਖ-ਵੱਖ ਲੋਕ-ਹਿਤੈਸ਼ੀ ਯੋਜਨਾਵਾਂ ਰਾਹੀਂ ਹਰ ਵਰਗ ਨੂੰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਗੱਲ ਦਾ ਪ੍ਰਗਟਾਵਾ ਅੱਜ ਪਟਿਆਲਾ ਸ਼ਹਿਰੀ ਦੇ ਵਿਧਾਇਕ ਸ੍ਰੀ ਅਜੀਤਪਾਲ ਸਿੰਘ ਕੋਹਲੀ ਨੇ ਅੱਜ ਵਾਰਡ ਨੰਬਰ 60 ਧਮੋਮਾਜਰਾ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਅਧੀਨ ਯਾਤਰੀਆਂ ਨਾਲ ਭਰੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਦਿਆਂ ਕੀਤਾ। ਵਿਧਾਇਕ ਨੇ ਦੱਸਿਆ ਕਿ ਇਹ ਬੱਸ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਦੁਰਗਿਆਨਾ ਮੰਦਿਰ ਅੰਮ੍ਰਿਤਸਰ ਵਿਖੇ ਜਾਏਗੀ ।ਉਨ੍ਹਾਂ ਕਿਹਾ ਕਿ ਸਰਕਾਰ ਦਾ ਮਕਸਦ ਹਰ ਇਕ ਨਾਗਰਿਕ ਤੱਕ ਸਹੂਲਤਾਂ ਪਹੁੰਚਾਉਣਾ ਹੈ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਵਿਅਕਤੀ

ਆਪਣੀਆਂ ਧਾਰਮਿਕ ਭਾਵਨਾਵਾਂ ਨੂੰ ਪੂਰਾ ਕਰਨ ਤੋਂ ਵਾਂਝਾ ਨਾ ਰਹੇ। ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਇਸ ਦਿਸ਼ਾ ਵਿੱਚ ਇੱਕ ਵਿਸ਼ੇਸ਼ ਅਤੇ ਸ਼ਲਾਘਾਯੋਗ ਉਪਰਾਲਾ ਹੈ, ਜਿਸ ਨਾਲ ਆਮ ਜਨਤਾ, ਖ਼ਾਸ ਕਰਕੇ ਬਜ਼ੁਰਗਾਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਨਿਹਰਾ ਮੌਕਾ ਮਿਲ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਯੋਜਨਾ ਤਹਿਤ ਯਾਤਰੀਆਂ ਲਈ ਆਵਾਜਾਈ, ਰਹਿਣ-ਸਹਿਣ ਅਤੇ ਹੋਰ ਜ਼ਰੂਰੀ ਸੁਵਿਧਾਵਾਂ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ, ਤਾਂ ਜੋ ਉਹ ਬਿਨਾ ਕਿਸੇ ਚਿੰਤਾ ਦੇ ਆਪਣੀ ਯਾਤਰਾ ਦਾ ਆਨੰਦ ਮਾਣ ਸਕਣ। ਉਨ੍ਹਾਂ ਨੇ ਯਾਤਰੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੀਆਂ ਲੋੜਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਉਨ੍ਹਾਂ ਨੂੰ ਯਕੀਨ ਦਵਾਇਆ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਸਕੀਮਾਂ ਨੂੰ ਹੋਰ ਵਧਾਇਆ ਜਾਵੇਗਾ। ਇਸ ਸਮਾਗਮ ਵਿੱਚ ਵਾਰਡ ਨੰਬਰ 60 ਦੇ ਇੰਚਾਰਜ ਰੁਪਿੰਦਰ ਸਿੰਘ (ਕੋਚ) ਦੀ ਵਿਸ਼ੇਸ਼ ਹਾਜ਼ਰੀ ਰਹੀ। ਉਨ੍ਹਾਂ ਵੱਲੋਂ ਵੀ ਯਾਤਰੀਆਂ ਨੂੰ ਦਿਲੋਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਕਿਹਾ ਗਿਆ ਕਿ ਇਹ ਯੋਜਨਾ ਲੋਕਾਂ ਵਿੱਚ ਭਰੋਸੇ ਅਤੇ ਧਾਰਮਿਕ ਸਾਂਝ ਨੂੰ ਮਜ਼ਬੂਤ ਕਰਦੀ ਹੈ। ਇਲਾਕਾ ਨਿਵਾਸੀਆਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਭਰਪੂਰ ਸਰਾਹਨਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਯੋਜਨਾਵਾਂ ਨਾਲ ਨਾ ਸਿਰਫ਼ ਲੋਕਾਂ ਨੂੰ ਸਹੂਲਤ ਮਿਲਦੀ ਹੈ, ਸਗੋਂ ਸਮਾਜ ਵਿੱਚ ਖੁਸ਼ਹਾਲੀ ਦਾ ਮਾਹੌਲ ਵੀ ਬਣਦਾ ਹੈ। ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ, ਪਾਰਟੀ ਵਰਕਰ ਅਤੇ ਸਨਮਾਨਿਤ ਵਿਅਕਤੀ ਮੌਜੂਦ ਸਨ, ਜਿਨ੍ਹਾਂ ਨੇ ਇਸ ਮੌਕੇ ਨੂੰ ਯਾਦਗਾਰ ਬਣਾਇਆ।

ਨਕਈ ਪਰਿਵਾਰ ਵੱਲੋਂ ਸੁਖਬੀਰ ਸਿੰਘ ਬਾਦਲ ਦਾ ਚਾਂਦੀ ਦੀ ਤੱਕੜੀ ਨਾਲ ਸਨਮਾਨ

ਸਮਾਣਾ, 20 ਮਾਰਚ (ਜਵੰਦਾ) : ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ

ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਸਮਾਣਾ ਤੋਂ ਟਕਸਾਲੀ ਆਗੂ ਸਰਦਾਰ ਪ੍ਰਿਤਪਾਲ ਸਿੰਘ ਨਕਈ ਅਤੇ ਹਰਪਾਲ ਸਿੰਘ ਨਕਈ (ਸਪੁੱਤਰ ਸਵ: ਸਰਦਾਰ ਤਰਲੋਕ ਸਿੰਘ ਨਕਈ) ਦੇ ਗ੍ਰਹਿ ਵਿਖੇ ਪੁੱਜੇ। ਇਸ ਮੌਕੇ ਨਕਈ ਪਰਿਵਾਰ ਵੱਲੋਂ ਸ. ਬਾਦਲ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਦੌਰਾਨ ਹਲਕਾ ਸਮਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਇੰਚਾਰਜ ਸ. ਜਗਮੀਤ ਸਿੰਘ ਹਰਿਆਊ ਵੀ ਮੌਜੂਦ ਰਹੇ।ਇਸ ਮੌਕੇ ਸ. ਬਾਦਲ ਨੇ ਨਕਈ ਪਰਿਵਾਰ ਵੱਲੋਂ ਪਾਰਟੀ ਲਈ ਦਿੱਤੀਆਂ ਜਾ ਰਹੀਆਂ ਨਿਸ਼ਠਾਵਾਨ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੇ ਟਕਸਾਲੀ ਪਰਿਵਾਰ ਹੀ ਪਾਰਟੀ ਦੀ ਅਸਲੀ ਤਾਕਤ ਹਨ।ਇਸ ਮੌਕੇ ਨਕਈ ਪਰਿਵਾਰ ਵੱਲੋਂ ਸ. ਸੁਖਬੀਰ ਸਿੰਘ ਬਾਦਲ ਨੂੰ ਚਾਂਦੀ ਦੀ ਤੱਕੜੀ ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਮਾਨ ਸਰਕਾਰ ਦੇ ਚਾਰ ਸਾਲ ਪੂਰੇ ਹੋਣ 'ਤੇ ਮੇਅਰ ਵੱਲੋਂ ਵਧਾਈ

ਪਟਿਆਲਾ, 20 ਮਾਰਚ (ਰੁਪਾਣਾ) : ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸਫ਼ਲਤਾਪੂਰਵਕ 4 ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਅੱਜ ਮੇਅਰ ਕੁੰਦਨ ਗੋਗੀਆ ਨੇ ਪਟਿਆਲਾ ਵਾਸੀਆਂ ਨੂੰ ਮੁਬਾਰਕਬਾਦ ਦਿੱਤੀ। ਅੱਜ ਸਵੇਰੇ ਨਹਿਰੂ ਪਾਰਕ ਵਿਖੇ ਸੈਰ ਪ੍ਰੇਮੀਆਂ, ਕ੍ਰਿਕਟ ਕਲੱਬ ਅਤੇ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਦੇ ਮੈਂਬਰਾਂ ਨਾਲ ਗੱਲਬਾਤ ਕਰਦਿਆਂ ਮੇਅਰ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਇਹ ਪਹਿਲੀ ਅਜਿਹੀ ਸਰਕਾਰ ਹੈ ਜਿਸ ਨੇ ਚੋਣਾਂ ਦੌਰਾਨ ਕੀਤੀਆਂ 100 ਫੀਸਦੀ ਗਾਰੰਟੀਆਂ ਨੂੰ ਅਮਲੀ ਰੂਪ ਦਿੱਤਾ ਹੈ।ਮੇਅਰ ਕੁੰਦਨ ਗੋਗੀਆ ਨੇ ਸਰਕਾਰ ਦੇ ਕੰਮਾਂ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਅੱਜ ਪੰਜਾਬ ਦੇ 90 ਫੀਸਦੀ ਘਰਾਂ ਦੇ ਬਿਜਲੀ ਬਿੱਲ ਜ਼ੀਰੋ ਆ ਰਹੇ ਹਨ। ਖੇਤੀਬਾੜੀ ਖੇਤਰ ਵਿੱਚ ਵੱਡੀ ਕ੍ਰਾਂਤੀ ਲਿਆਉਂਦਿਆਂ 78 ਫੀਸਦੀ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਇਆ ਗਿਆ ਹੈ ਅਤੇ ਪਹਿਲੀ ਵਾਰ 1,446 ਪਿੰਡਾਂ ਤੱਕ ਨਹਿਰੀ ਪਾਣੀ ਦੀ ਸਹੂਲਤ ਪੁੱਜੀ ਹੈ। ਸਰਕਾਰ ਨੇ 2000 ਕਰੋੜ ਰੁਪਏ ਖਰਚ ਕੇ 13 ਹਜ਼ਾਰ ਕਿਲੋਮੀਟਰ ਨਹਿਰਾਂ ਦੀ ਉਸਾਰੀ ਤੇ ਮੁਰੰਮਤ ਦਾ ਕੰਮ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਹੁਣ ਤੱਕ 65 ਹਜ਼ਾਰ ਦੇ ਕਰੀਬ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਇਸ ਮੌਕੇ ਉੱਘੇ ਸਮਾਜ ਸੇਵੀ ਅਤੇ ਨਾਮੀ ਸੰਸਥਾ ਦੇ ਪ੍ਰਧਾਨ ਉਪਕਾਰ ਸਿੰਘ ਨੇ ਵੀ ਇਨ੍ਹਾਂ ਨੌਜਵਾਨਾਂ ਦੀ ਪ੍ਰਾਪਤੀ 'ਤੇ ਮੁਬਾਰਕਬਾਦ ਦਿੱਤੀ।

ਚਾਰ ਸਾਲ ਪੂਰੇ ਹੋਣ 'ਤੇ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਤੋਂ ਜਾਣੂੰ ਕਰਵਾਇਆ

ਚੇਅਰਮੈਨ ਬਲਾਕ ਸੰਮਤੀ ਵੱਲੋਂ ਅਮਰੀਕ ਸਿੰਘ ਬੰਗੜ ਦਾ ਸਨਮਾਨ

ਪਟਿਆਲਾ, 20 ਮਾਰਚ (ਰੁਪਾਣਾ) : ਸੂਬਾ ਸਕੱਤਰ ਐਸ ਸੀ ਵਿੰਗ ਤੇ ਜੋਨ ਇੰਚਾਰਜ ਮਾਲਵਾ ਈਸਟ ਅਮਰੀਕ ਸਿੰਘ ਬੰਗੜ ਨੇ ਕੌਮੀ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਪ੍ਰਭਾਰੀ ਮੁਨੀਸ਼ ਸਿਸੋਦੀਆ ਤੇ ਰਣਜੋਧ ਸਿੰਘ ਹਡਾਣਾ ਦਾ ਚਰਨਜੀਤ ਸਿੰਘ ਨੈਨਾਕੌਤ ਨੂੰ ਬਲਾਕ ਸੰਮਤੀ ਭੁਨਰਹੇੜੀ ਦਾ ਚੇਅਰਮੈਨ ਲਗਾਉਣ 'ਤੇ ਧੰਨਵਾਦ ਕੀਤਾ। ਇਸ ਮੌਕੇ ਅਮਰੀਕ ਸਿੰਘ ਬੰਗੜ ਵੱਲੋਂ ਪੰਜਾਬ ਸਰਕਾਰ ਦੀਆਂ ਚਾਰ ਸਾਲ ਪੂਰੇ ਹੋਣ 'ਤੇ ਪ੍ਰਾਪਤੀਆਂ ਤੋਂ ਵੀ ਜਾਣੂੰ ਕਰਵਾਉਂਦਿਆਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਪਹਿਲੀ ਸਾਰੀਆਂ ਗਾਰੰਟੀਆਂ

ਪੂਰੀਆਂ ਕਰਨ ਵਾਲੀ ਬਣੀ। ਜਿਵੇਂ ਕਿ 600 ਯੂਨਿਟਾਂ ਹਰ ਇਕ ਪ੍ਰੀਵਾਰ ਨੂੰ ਮੁਫ਼ਤ ਦੇਣੀਆਂ, ਸਿੱਖਿਆ ਕ੍ਰਾਂਤੀ, ਸਿਹਤ ਸਹੂਲਤਾਂ, 10.00 ਲੱਖ ਰੁਪਏ ਤੱਕ ਦੇ ਸਾਰੇ ਇਲਾਜ ਸਰਕਾਰੀ ਤੇ ਗੈਰ ਸਰਕਾਰੀ ਹਸਪਤਾਲਾਂ ਵਿਚ ਫਰੀ ਕਰਨਾ, ਮਹਿਲਾਵਾਂ ਨੂੰ ਜਨਰਲ ਵਰਗ ਲਈ 1000 ਰੁਪਏ ਤੇ ਐਸ.ਸੀ.ਪਰਿਵਾਰਾਂ ਨੂੰ 1500 ਰੁਪਏ, ਫੌਜ ਜਾਂ ਪੁਲਿਸ ਵਿਭਾਗ ਵਿਚ ਸ਼ਹੀਦੀ ਪ੍ਰਾਪਤ ਕਰਨ ਵਾਲੇ ਪ੍ਰੀਵਾਰਾਂ ਨੂੰ ਇਕ ਕਰੋੜ ਰਾਸ਼ੀ ਦੇਣਾ ਆਦਿ। ਉਹਨਾਂ ਇਹ ਵੀ ਦੱਸਿਆ ਕਿ ਪੰਜਾਬ ਵਾਸੀ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਬਹੁਤ ਖੁਸ਼ ਹਨ। 2027 ਵਿੱਚ ਪਹਿਲਾਂ ਤੋਂ ਵੀ ਵੱਧ ਸੀਟਾਂ ਜਿਤਾ ਕੇ ਦੂਜੀ ਵਾਰ ਸਰਕਾਰ ਬਣਾਉਣ ਲਈ ਵੀ ਉਤਾਵਲੇ ਹਨ।

ਪਿੰਡ ਭਾਂਖਰ ਦੇ ਕਈ ਪਰਿਵਾਰ 'ਆਪ' 'ਚ ਸ਼ਾਮਲ, ਹਲਕਾ ਇੰਚਾਰਜ ਹਡਾਣਾ ਵੱਲੋਂ ਸਵਾਗਤ

ਭੁਨਰਹੇੜੀ, 20 ਮਾਰਚ (ਗੁਰਜੀਤ ਸਿੰਘ ਢੋਟ) : ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਪੰਜਾਬ-ਪੱਖੀ ਕਾਰਜਾਂ ਅਤੇ ਇਮਾਨਦਾਰ ਨੀਅਤ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਪਾਰਟੀਆਂ ਦੇ ਆਗੂਆਂ ਤੇ ਵਰਕਰਾਂ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸੇ ਕੜੀ ਤਹਿਤ ਬੀਤੇ ਦਿਨੀਂ ਹਲਕਾ ਸਨੌਰ ਦੇ ਪਿੰਡ ਭਾਂਖਰ ਵਿਖੇ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਰਦਾਰ ਜਗਤਾਰ ਸਿੰਘ ਅਤੇ ਉਨ੍ਹਾਂ ਦੀ ਸਮੂਹ ਟੀਮ ਨੇ ਰਵਾਇਤੀ ਪਾਰਟੀਆਂ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਬਲਦੇਵ ਸਿੰਘ ਦੇਵੀਗੜ੍ਹ ਚੇਅਰਮੈਨ, ਹੈਪੀ ਪਹਾੜੀਪੁਰ ਚੇਅਰਮੈਨ ਅਤੇ ਹੋਰ ਸੀਨੀਅਰ 'ਆਪ' ਆਗੂ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਇਸ ਮੌਕੇ ਹਲਕਾ ਇੰਚਾਰਜ ਸ. ਰਣਜੋਧ ਸਿੰਘ ਹਡਾਣਾ ਨੇ ਸ਼ਾਮਲ ਹੋਣ ਵਾਲੇ ਆਗੂਆਂ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਲੋਕ ਹੁਣ ਰਵਾਇਤੀ ਪਾਰਟੀਆਂ ਦੀ ਗੰਧਲੀ ਸਿਆਸਤ ਤੋਂ ਅੱਕ ਚੁੱਕੇ ਹਨ ਅਤੇ ਮਾਨ ਸਰਕਾਰ ਦੇ 'ਚਾਰ ਸਾਲ ਬੇਮਿਸਾਲ' ਵਿਕਾਸ ਕਾਰਜਾਂ 'ਤੇ ਮੋਹਰ ਲਗਾ ਰਹੇ ਹਨ। ਸ. ਹਡਾਣਾ ਨੇ ਸਮੂਹ ਪਿੰਡ ਭਾਂਖਰ ਵਾਸੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪਾਰਟੀ ਦੇ ਕਈ ਹੋਰ ਸੀਨੀਅਰ ਆਗੂ ਅਤੇ ਵਰਕਰ ਵੀ ਮੌਜੂਦ ਸਨ।

ਨਸ਼ੀਲੀਆਂ ਗੋਲੀਆਂ ਸਮੇਤ ਨੌਜਵਾਨ ਕਾਬੂ, ਮਾਮਲਾ ਦਰਜ

ਸਮਾਣਾ, 20 ਮਾਰਚ (ਵਿਜੇ ਕੁਮਾਰ) : ਸਦਰ ਪੁਲਿਸ ਨੇ ਨਸ਼ੀਲੀਆਂ ਗੋਲੀਆਂ ਵੇਚਣ ਦੀ ਤਾਕ ਵਿੱਚ ਖੜ੍ਹੇ ਇੱਕ ਨੌਜਵਾਨ ਨੂੰ 100 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਦਵਿੰਦਰ ਸਿੰਘ ਨਿਵਾਸੀ ਪਿੰਡ ਕਕਰਾਲਾ ਭਾਈਕਾ ਵਜ

ਪਟਿਆਲਾ-ਆਸ/ਪਾਸ

ਮੇਅਰ ਗੋਗੀਆ ਦੀ ਅਗਵਾਈ ਹੇਠ ਐਫ ਐਂਡ ਸੀ.ਸੀ. ਦੀ ਮੀਟਿੰਗ

ਪਟਿਆਲਾ ਦੇ ਵਾਰਡਾਂ ਲਈ ਕਰੋੜਾਂ ਦੇ ਵਿਕਾਸ ਪ੍ਰੋਜੈਕਟਾਂ ਨੂੰ ਮਿਲੀ ਹਰੀ ਝੰਡੀ

ਪਟਿਆਲਾ, 20 ਮਾਰਚ (ਗੁਰਮੁੱਖ ਰੁਪਾਣਾ) : ਪਟਿਆਲਾ ਨਗਰ ਨਿਗਮ ਦੀ ਫਾਈਨੈਂਸ ਐਂਡ ਕੰਟਰੈਕਟ ਕਮੇਟੀ ਐਫ ਐਂਡ ਸੀ ਸੀ ਮੀਟਿੰਗ ਦੀ ਅਹਿਮ ਮੀਟਿੰਗ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਜੀਤ ਸਿੰਘ ਦੀ ਪ੍ਰਧਾਨਗੀ ਹੇਠ ਸੰਪੰਨ ਹੋਈ। ਇਸ ਮੀਟਿੰਗ ਵਿੱਚ ਨਿਗਰਾਨ ਇੰਜੀਨੀਅਰ (ਸਿਵਲ) ਵੱਲੋਂ ਤਿਆਰ ਕੀਤੀ ਗਈ ਰਿਪੋਰਟ ਦੇ ਆਧਾਰ 'ਤੇ ਸ਼ਹਿਰ ਦੇ ਵਿਕਾਸ ਲਈ ਕਈ ਮਹੱਤਵਪੂਰਨ ਰਿਕਾਰਡ ਪੇਸ਼ ਕੀਤੇ ਗਏ, ਜਿਨ੍ਹਾਂ ਨੂੰ ਮੇਅਰ ਕਮਿਸ਼ਨਰ ਅਤੇ ਕਮੇਟੀ ਵੱਲੋਂ ਵਿਚਾਰਨ ਉਪਰੰਤ ਮਨਜ਼ੂਰੀ ਦਿੱਤੀ ਗਈ। ਇਹ ਸਾਰੇ ਕੰਮ ਨਿਗਮ ਫੰਡਾਂ, ਵਿੱਤ ਕਮਿਸ਼ਨ ਅਤੇ ਸਵੱਛ ਭਾਰਤ ਮਿਸ਼ਨ ਤਹਿਤ ਪ੍ਰਾਪਤ ਗ੍ਰਾਂਟਾਂ ਰਾਹੀਂ ਕਰਵਾਏ ਜਾਣਗੇ। ਇਸ ਮੌਕੇ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਡਿਪਟੀ ਮੇਅਰ ਜਗਦੀਪ ਜੱਗਾ, ਜੋਆਇੰਟ ਕਮਿਸ਼ਨਰ ਰਵਦੀਪ ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਸੜਕਾਂ ਦੇ ਨਿਰਮਾਣ ਤਹਿਤ ਤੋਪਖ਼ਾਨਾ ਗੇਟ, ਬਾਬਾ ਧਿਆਨਾ ਟੋਬਾ ਪਾਰਕ, ਫੀਲਖਾਨਾ ਸਕੂਲ, ਚੱਲ ਸਟ੍ਰੀਟ ਅਤੇ ਅਰਜੁਨ ਨਗਰ ਦੀਆਂ ਸੜਕਾਂ ਲਈ 48.50 ਲੱਖ ਰਾਖਵੇਂ ਕੀਤੇ ਗਏ ਹਨ। ਇਸੇ ਤਰ੍ਹਾਂ ਵਾਰਡ ਨੰਬਰ 50 (ਡਿਲਾਇਟ ਕਾਲੋਨੀ) ਵਿੱਚ ਸੜਕਾਂ ਲਈ 35 ਲੱਖ ਅਤੇ ਵਾਰਡ ਨੰਬਰ 42 (ਜੰਡ ਗਲੀ) ਲਈ 4 ਲੱਖ ਦੀ ਮਨਜ਼ੂਰੀ ਦਿੱਤੀ ਗਈ ਹੈ। ਸ਼ਹਿਰ ਵਿੱਚ ਨਵੇਂ ਸਾਈਨ ਬੋਰਡ ਲਗਾਉਣ ਤੇ 25 ਲੱਖ ਅਤੇ ਮਾਡਲ ਟਾਊਨ ਸਥਿਤ ਨਗਰ ਨਿਗਮ ਹਾਊਸ ਦੀ ਰੇਨੋਵੇਸ਼ਨ 'ਤੇ 9.50 ਲੱਖ ਖਰਚ ਕੀਤੇ ਜਾਣਗੇ। ਸੀਵਰੇਜ ਸਿਸਟਮ ਤਹਿਤ ਸ਼੍ਰੀ ਕਾਲੀ ਦੇਵੀ ਮੰਦਰ ਦੇ ਸਾਹਮਣੇ ਕਲੱਬ ਦੇ ਕੋਲ ਸੀਵਰ ਲਾਈਨ ਨੂੰ ਦਰੁਸਤ ਕਰਨ ਲਈ ਸਵਾ ਲੱਖ ਰੁਪਏ ਮਨਜ਼ੂਰ ਕੀਤੇ ਗਏ ਹਨ। ਸੜਕਾਂ ਅਤੇ ਫਲੋਰਿੰਗ: ਵਾਰਡ ਨੰਬਰ 20 ਵਿੱਚ ਹੀਰਾ ਆਟੋ ਰੋਡ (ਫੈਕਟਰੀ ਏਰੀਆ) ਦੇ ਨੇੜੇ ਗਲੀਆਂ ਵਿੱਚ ਸੀ.ਸੀ. ਫਲੋਰਿੰਗ ਲਈ 21.34 ਲੱਖ ਰੁਪਏ ਅਤੇ ਸੁਰਿੰਦਰ ਸਾਈਕਲ ਵਰਕਸ ਤੋਂ ਬੁੱਕ ਮਾਰਕੀਟ ਰੋਡ ਤੱਕ ਸੀ.ਸੀ. ਰੋਡ ਦੇ ਨਿਰਮਾਣ ਲਈ 1.83 ਲੱਖ ਰੁਪਏ ਮਨਜ਼ੂਰ ਕੀਤੇ ਗਏ ਹਨ. ਕਲੱਸਟਰ-2 ਵਿੱਚ ਵੱਖ-ਵੱਖ ਸੀਵਰ ਲਾਈਨਾਂ ਦੀ ਸਫ਼ਾਈ ਲਈ ਸਭ ਤੋਂ ਵੱਡਾ ਬਜਟ 78.83 ਲੱਖ ਰੁਪਏ ਰੱਖਿਆ ਗਿਆ ਹੈ। ਇਸ ਤੋਂ ਇਲਾਵਾ, ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਨਵੇਂ ਮੈਨਹੋਲ ਬਣਾਉਣ ਲਈ 37.19 ਲੱਖ ਰੁਪਏ ਖਰਚੇ ਜਾਣਗੇ। ਵਾਰਡ ਨੰਬਰ 18 ਵਿੱਚ ਰੋਡ ਗਲੀ ਬਣਾਉਣ ਲਈ 12.49 ਲੱਖ ਰੁਪਏ ਅਤੇ ਵਾਰਡ ਨੰਬਰ 48 ਦੀਆਂ ਗਲੀਆਂ ਦੀ ਮੁਰੰਮਤ ਤੇ ਡਰੇਨਾਂ ਦੇ ਸੁਧਾਰ ਲਈ 5.60 ਲੱਖ ਰੁਪਏ ਦੀ ਰਾਸ਼ੀ ਤੈਅ ਕੀਤੀ ਗਈ ਹੈ। ਰਸੂਲਪੁਰ ਸੈਦਾਂ ਦੇ ਸ਼ਮਸ਼ਾਨਘਾਟ ਦੀ ਰੇਨੋਵੇਸ਼ਨ ਲਈ 10.33 ਲੱਖ ਰੁਪਏ ਦੇ ਬਜਟ ਨੂੰ ਹਰੀ ਝੰਡੀ ਮਿਲੀ ਹੈ। ਅਬਲੋਵਾਲ ਡੇਅਰੀ ਪ੍ਰੋਜੈਕਟ ਵਿਖੇ ਸਟਰੀਟ ਲਾਈਟਾਂ ਦੇ ਰੱਖ-ਰਖਾਅ ਲਈ 7.22 ਲੱਖ ਰੁਪਏ ਅਤੇ ਓ.ਐਂਡ.ਐਮ. ਸੈੱਲ ਲਈ ਆਊਟਸੋਰਸ ਆਧਾਰ 'ਤੇ 6 ਡਰਾਈਵਰਾਂ ਦੀਆਂ ਸੇਵਾਵਾਂ ਲਈ 12.80 ਲੱਖ ਰੁਪਏ ਸਾਲਾਨਾ ਦਾ ਪ੍ਰਬੰਧ ਕੀਤਾ ਗਿਆ ਹੈ। ਸਰਕਾਰੀ ਅਧਿਕਾਰੀ: ਡਿਊਟੀ ਦੌਰਾਨ ਸਧਾਰਨ/ਸਪੈਸ਼ਲ ਕਮਰੇ ਦਾ ਰੇਟ 300 ਅਤੇ ਨਿੱਜੀ ਵਰਤੋਂ ਲਈ 500 ਹੋਵੇਗਾ। ਸਪੈਸ਼ਲ ਕਮਰੇ ਲਈ 1800 ਅਤੇ ਸਧਾਰਨ ਕਮਰੇ ਲਈ 1500 ਰੇਟ ਤੈਅ ਕੀਤਾ ਗਿਆ ਹੈ। ਸਪੈਸ਼ਲ ਕਮਰੇ ਦਾ ਪੈਨਲ ਰੇਟ 5000 ਰੱਖਿਆ ਗਿਆ ਹੈ। ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਕਮਰੇ ਬੁੱਕ ਕਰਦੇ ਸਮੇਂ ਸਰਕਾਰੀ ਕੰਮ ਲਈ ਆਉਣ ਵਾਲੇ ਅਧਿਕਾਰੀਆਂ ਨੂੰ ਪਹਿਲ ਦਿੱਤੀ ਜਾਵੇਗੀ। ਨਿਗਮ ਨੇ ਪਟਿਆਲਾ ਦੇਹਾਤੀ ਦੇ ਵਾਰਡਾਂ ਵਿੱਚ 20 ਨਵੀਆਂ ਸੈਮੀ-ਹਾਈਮਾਸਟ ਲਾਈਟਾਂ ਲਗਾਉਣ ਦਾ ਪ੍ਰਸਤਾਵ ਰੱਦ ਕਰ ਦਿੱਤਾ ਹੈ। ਨਿਗਰਾਨ ਇੰਜੀਨੀਅਰ ਦੀ ਰਿਪੋਰਟ ਅਨੁਸਾਰ, ਇਨ੍ਹਾਂ ਲਾਈਟਾਂ ਦੀ ਨਾ ਤਾਂ ਕੋਈ ਮੰਗ ਸੀ ਅਤੇ ਨਾ ਹੀ ਜ਼ਰੂਰਤ, ਜਿਸ ਕਾਰਨ ਐਫ.ਐਂਡ.ਸੀ.ਸੀ. ਨੇ ਇਹ ਪ੍ਰਸਤਾਵ ਰੱਦ ਕਰਨ ਦੀ ਸਿਫਾਰਿਸ਼ ਕੀਤੀ ਹੈ। ਇਸ ਦੇ ਨਾਲ ਹੀ, ਟੈਂਡਰ ਲੈ ਕੇ ਕੰਮ ਸ਼ੁਰੂ ਨਾ ਕਰਨ ਵਾਲੀ ਫਰਮ ਬੀ.ਐਸ. ਬਿਲਡਰਜ਼' ਨੂੰ ਬਲੈਕਲਿਸਟ ਕਰਨ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਗਈ ਹੈ। ਸ਼ਹਿਰ ਨੂੰ ਕੂੜਾ ਮੁਕਤ ਬਣਾਉਣ ਲਈ ਮੇਅਰ ਕੁੰਦਨ ਗੋਗੀਆ ਨੇ ਕੂੜੇ ਦੇ ਡੰਪ ਸਾਫ਼ ਕਰਨ ਲਈ ਸਾਢੇ ਤਿੰਨ ਕਰੋੜ ਰੁਪਏ ਦੇ ਬਜਟ ਨੂੰ ਹਰੀ ਝੰਡੀ ਦਿੱਤੀ ਹੈ। ਮੇਅਰ ਅਨੁਸਾਰ, ਇਹ ਸਾਰੇ ਕਾਰਜ ਨਗਰ ਨਿਗਮ ਦੀ ਈ-ਨਿਗਮ ਐਪ' ਰਾਹੀਂ ਡਿਜੀਟਲ ਨਿਗਰਾਨੀ ਹੇਠ ਮੁਕੰਮਲ ਕੀਤੇ ਜਾਣਗੇ ਤਾਂ ਜੋ ਕੰਮ ਦੀ ਗੁਣਵੱਤਾ ਅਤੇ ਪਾਰਦਰਸ਼ਤਾ ਬਣੀ ਰਹੇ। ਮੀਟਿੰਗ ਦੌਰਾਨ ਮੇਅਰ ਕੁੰਦਨ ਗੋਗੀਆ ਨੇ ਸਪੱਸ਼ਟ ਕੀਤਾ ਕਿ ਕੰਮ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਟੈਂਡਰ ਲੈ ਕੇ ਕੰਮ ਸ਼ੁਰੂ ਨਾ ਕਰਨ ਵਾਲੀਆਂ ਫਰਮਾਂ ਨੂੰ ਬਲੈਕਲਿਸਟ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਹਰ ਪ੍ਰੋਜੈਕਟ ਦੀ ਨਿਗਰਾਨੀ 'ਈ-ਨਿਗਮ ਐਪ' ਰਾਹੀਂ ਡਿਜੀਟਲ ਤਰੀਕੇ ਨਾਲ ਕੀਤੀ ਜਾਵੇਗੀ ਤਾਂ ਜੋ ਪਟਿਆਲਾ ਵਾਸੀਆਂ ਦਾ ਪੈਸਾ ਸਹੀ ਥਾਂ 'ਤੇ ਵਰਤਿਆ ਜਾ ਸਕੇ।

ਟਰੇਡਰਜ਼ ਕਮਿਸ਼ਨ ਵੱਲੋਂ ਨਾਭਾ ਹਲਕੇ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਬੈਠਕ

➤ਭਗਵੰਤ ਮਾਨ ਸਰਕਾਰ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਚਨਬੱਧ : ਜ਼ਿਲ੍ਹਾ ਵਾਈਸ ਚੇਅਰਮੈਨ ਧਮੌਲੀ

ਨਾਭਾ, 20 ਮਾਰਚ (ਬਲਜਿੰਦਰ ਮਾਨ/ਗੁਰਚਰਨ ਸਿੰਘ ਚੌਧਰੀਮਾਜਰਾ) : ਪੰਜਾਬ ਸਰਕਾਰ ਵੱਲੋਂ ਹਲਕਾ ਪੱਧਰ 'ਤੇ ਗਠਿਤ ਪੰਜਾਬ ਟ੍ਰੇਡ ਕਮਿਸ਼ਨ ਹਲਕਾ ਨਾਭਾ ਦੇ ਚੇਅਰਮੈਨ ਭੁਪਿੰਦਰ ਕੌਸ਼ਲ ਦੀ ਪ੍ਰਧਾਨਗੀ ਹੇਠ ਸਥਾਨਕ ਵਪਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਦੇ ਤੁਰੰਤ ਤੇ ਪ੍ਰਭਾਵਸ਼ਾਲੀ ਹੱਲ ਨੂੰ ਯਕੀਨੀ ਬਣਾਉਣ ਲਈ ਟਰੇਡਰਜ਼ ਕਮਿਸ਼ਨ ਨੇ ਵਪਾਰੀਆਂ ਨਾਲ ਇੱਕ ਮਹੱਤਵਪੂਰਨ ਬੈਠਕ ਕੀਤੀ ਗਈ। ਇਸ ਮੀਟਿੰਗ ਦੌਰਾਨ ਐਸ.ਡੀ.ਐਮ. ਦਫ਼ਤਰ ਨਾਭਾ ਦੇ ਅਧਿਕਾਰੀਆਂ ਸਮੇਤ ਪੰਜਾਬ ਟ੍ਰੇਡ ਕਮਿਸ਼ਨ ਪਟਿਆਲਾ ਦੇ ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਜ਼ਿਲ੍ਹਾ ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਪਾਰੀਆਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਦਾ ਮੁੱਖ ਉਦੇਸ਼ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਸੁਣਨਾ ਅਤੇ ਉਨ੍ਹਾਂ ਦਾ ਸਮਾਂਬੱਧ ਢੰਗ ਨਾਲ ਨਿਪਟਾਰਾ ਕਰਨਾ ਹੈ, ਤਾਂ ਜੋ ਵਪਾਰਕ ਗਤੀਵਿਧੀਆਂ ਨੂੰ ਹੋਰ ਸੁਚਾਰੂ ਬਣਾਇਆ ਜਾ ਸਕੇ। ਨਾਭਾ ਦੇ ਚੇਅਰਮੈਨ ਭੁਪਿੰਦਰ ਕੌਸ਼ਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਿਧਾਨ ਸਭਾ ਹਲਕੇ ਪੱਧਰ 'ਤੇ ਟਰੇਡਰਜ਼ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਪਾਰੀਆਂ ਵੱਲੋਂ ਉਠਾਈਆਂ ਜਾਣ ਵਾਲੀ ਹਰ ਸਮੱਸਿਆ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਅਤੇ ਸੰਬੰਧਿਤ ਵਿਭਾਗਾਂ ਦੇ ਸਹਿਯੋਗ ਨਾਲ ਉਨ੍ਹਾਂ ਦਾ ਜਲਦੀ ਨਿਪਟਾਰਾ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਵਪਾਰੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਟਰੇਡਰਜ਼ ਕਮਿਸ਼ਨ ਨਾਲ ਸਿੱਧਾ ਰਾਬਤਾ ਕਰਨ, ਤਾਂ ਜੋ ਉਨ੍ਹਾਂ ਦੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾ ਸਕੇ। ਬੈਠਕ ਦੌਰਾਨ ਵਪਾਰੀਆਂ ਵੱਲੋਂ ਵੱਖ-ਵੱਖ ਮੁੱਦੇ ਉਠਾਏ ਗਏ, ਜਿਨ੍ਹਾਂ ਵਿੱਚ ਸੁਰੱਖਿਆ, ਟੈਕਸ, ਲਾਇਸੈਂਸਿੰਗ ਅਤੇ ਹੋਰ ਪ੍ਰਸ਼ਾਸਨਿਕ ਦਿੱਕਤਾਂ ਸ਼ਾਮਲ ਸਨ। ਕਮਿਸ਼ਨ ਮੈਂਬਰਾਂ ਨੇ ਇਹ ਮਸਲੇ ਸੁਣਕੇ ਸੰਬੰਧਿਤ ਵਿਭਾਗਾਂ ਨੂੰ ਤੁਰੰਤ ਕਾਰਵਾਈ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਇਸ ਮੌਕੇ ਵਿਧਾਇਕ ਨਾਭਾ ਵੱਲੋਂ ਕਪਿਲ ਦੇਵ ਮਾਨ, ਟਰੇਡਰਜ਼ ਕਮਿਸ਼ਨ ਦੇ ਸਟੇਟ ਮੈਂਬਰ ਸੰਜੀਵ ਕੁਮਾਰ, ਮਨਦੀਪ ਖਾਨ, ਸੰਜੀਵ ਸੂਦ, ਸੁਖਬਿੰਦਰ ਸਿੰਘ, ਹਰਪ੍ਰੀਤ ਸਿੰਘ, ਸ਼ਿਵ ਲਾਲ, ਜਗਤਾਰ ਸਿੰਘ, ਥਾਣੇ ਦੇ ਐਸ.ਐਚ.ਓ, ਨਗਰ ਕੌਂਸਲ ਦੇ ਅਧਿਕਾਰੀ, ਫੂਡ ਸਪਲਾਈ, ਜ਼ਿਲ੍ਹਾ ਇੰਡਸਟਰੀਜ ਸੈਂਟਰ, ਕਿਰਤ ਵਿਭਾਗ, ਸਟੇਟ ਟੈਕਸ ਤੇ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਵਪਾਰੀ ਭਾਈਚਾਰੇ ਦੇ ਨੁਮਾਇੰਦੇ ਵੀ ਮੌਜੂਦ ਸਨ।

ਸੁਖਬੀਰ ਸਿੰਘ ਬਾਦਲ ਨੇ ਜਸਮਿੰਦਰ ਸਿੰਘ ਹੈਪੀ ਨੂੰ ਦਿੱਤਾ ਥਾਪੜਾ

ਬਿੱਟੂ ਚੱਠਾ ਦੇ ਹਲਕੇ 'ਚ ਤਨਦੇਹੀ ਨਾਲ ਕੀਤੇ ਜਾ ਰਹੇ ਕੰਮ : ਹੈਪੀ

ਦੇਵੀਗੜ੍ਹ, 20 ਮਾਰਚ (ਗੁਰਜੀਤ ਸਿੰਘ ਢੋਟ) : ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਅੰਦਰ ਬਣੀ ਹੈ ਉਦੋਂ ਤੋਂ ਹੀ ਪੰਜਾਬ ਭਰ ਦੇ ਲੋਕ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਯੂਥ ਆਗੂ ਜਸਵਿੰਦਰ ਸਿੰਘ ਹੈਪੀ ਨੇ ਕੀਤਾ। ਉਹਨਾਂ ਕਿਹਾ ਕਿ ਹਰ ਪੱਖੋਂ ਲੋਕ ਸਰਕਾਰ ਤੋਂ ਨਿਰਾਸ਼ ਹਨ। ਬੀਤੇ ਦਿਨੀਂ ਜਸਵਿੰਦਰ ਸਿੰਘ ਹੈਪੀ ਹਲਕਾ ਇੰਚਾਰਜ ਪਟਿਆਲਾ ਦਿਹਾਤੀ ਜਸਪਾਲ ਸਿੰਘ ਬਿੱਟੂ ਚੱਠਾ ਦੀ ਅਗਵਾਈ ਹੇਠ ਸ ਸੁਖਬੀਰ ਸਿੰਘ ਬਾਦਲ ਨੂੰ ਮਿਲੇ। ਯੂਥ ਆਗੂ ਦੀ ਮਿਹਨਤ ਨੂੰ ਦੇਖਦੇ ਹੋਏ ਸ. ਸੁਖਬੀਰ ਸਿੰਘ ਬਾਦਲ ਨੇ ਉਹਨਾਂ ਨੂੰ ਥਾਪੜਾ ਦਿੱਤਾ ਕਿ ਅਕਾਲੀ ਦਲ ਦੀ ਕਾਮਯਾਬੀ ਲਈ ਡੱਟ ਕੇ ਕੰਮ ਕੀਤਾ ਜਾਵੇ। ਯੂਥ ਆਗੂ ਨੇ ਕਿਹਾ ਕਿ ਅਕਾਲੀ ਦਲ ਦੇ ਲਈ ਉਹ ਤਨ-ਮਨ-ਧਨ ਨਾਲ ਹਲਕਾ ਦਿਹਾਤੀ ਵਿੱਚ ਆਪਣੇ ਸਿਆਸੀ ਗੁਰੂ ਜਸਪਾਲ ਸਿੰਘ ਬਿੱਟੂ ਚੱਠਾ ਦੀ ਅਗਵਾਈ ਹੇਠ ਕੰਮ ਕਰ ਰਹੇ ਹਨ ਤੇ ਕਰਦੇ ਵੀ ਰਹਿਣਗੇ।

ਕੁਦਰਤ ਤੇ ਮੰਡੀ ਦੀ ਦੋਹਰੀ ਮਾਰ ਹੇਠ ਦੱਬਿਆ ਆਲੂ ਉਤਪਾਦਕ ਕਿਸਾਨ, ਲਾਗਤ ਕੱਢਣੀ ਵੀ ਮੁਸ਼ਕਿਲ

ਘਨੌਰ, 20 ਮਾਰਚ (ਰਾਜਿੰਦਰ ਸਿੰਘ ਕੰਬੋਜ): ਹਲਕਾ ਘਨੌਰ ਦੇ ਆਲੂ ਉਤਪਾਦਕ ਕਿਸਾਨ ਅੱਜ ਕੱਲ੍ਹ ਬੇਹੱਦ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਹੇ ਹਨ। ਪਹਿਲਾਂ ਕੁਦਰਤੀ ਆਫ਼ਤਾਂ ਨੇ ਫ਼ਸਲ ਦਾ ਨੁਕਸਾਨ ਕੀਤਾ ਅਤੇ ਹੁਣ ਮੰਡੀ ਵਿੱਚ ਮਿਲ ਰਹੇ ਨਿਗੂਣੇ ਭਾਅ ਨੇ ਕਿਸਾਨਾਂ ਦੇ ਲੱਕ ਤੋੜ ਕੇ ਰੱਖ ਦਿੱਤੇ ਹਨ। ਖ਼ਾਸ ਕਰਕੇ ਪਿੰਡ ਘੜਾਮਾ, ਚਲਹੇੜੀ, ਸੁਰਜਗੜ, ਗਾਰਦੀ ਨਗਰ, ਥੂਹਾ ,ਨਨਹੇੜਾ ਵਰਗੇ ਇਲਾਕਿਆਂ ਵਿੱਚ, ਜਿੱਥੇ ਆਲੂ ਦੀ ਖੇਤੀ ਮੁੱਖ ਤੌਰ 'ਤੇ ਕੀਤੀ ਜਾਂਦੀ ਹੈ, ਉੱਥੇ ਕਿਸਾਨ ਆਪਣੀ ਫ਼ਸਲ ਦੇ ਵਾਜਬ ਮੁੱਲ ਲਈ ਤਰਸ ਰਹੇ ਹਨ।ਕਿਸਾਨ ਅਮਰਜੀਤ ਸਿੰਘ ਥੂਹਾ,ਜਰਨੈਲ ਸਿੰਘ ਖੇੜੀ ਗੁਰਨਾ, ਨੰਬਰਦਾਰ ਗੁਰਲਾਲ ਸਿੰਘ ਨੰਦਗੜ੍ਹ, ਗੁਰਦੀਪ ਸਿੰਘ ਬਿੱਲੂ ਘੜਾਮਾ, ਹਰਬੰਸ ਸਿੰਘ ਘੜਾਮਾ ਕਲਾਂ,ਜੋਗਿੰਦਰ ਸਿੰਘ ਸੰਧੂ, ਸਤਪਾਲ ਸਿੰਘ ਟੋਨੀ ਸ਼ੰਭੂ ,ਕੁਲਵਿੰਦਰ ਸਿੰਘ ਰਾਮ ਨਗਰ ਸੈਣੀਆ ਨੇ ਦੱਸਿਆ ਕਿ ਇੱਕ ਏਕੜ ਆਲੂ ਦੀ ਬਿਜਾਈ ਤੋਂ ਲੈ ਕੇ ਪੁਟਾਈ ਤੱਕ ਦਾ ਖਰਚਾ ਤਕਰੀਬਨ 60 ਹਜ਼ਾਰ ਰੁਪਏ ਤੋਂ ਪਾਰ ਜਾ ਚੁੱਕਾ ਹੈ। ਜੇਕਰ ਪੈਦਾਵਾਰ ਦੀ ਗੱਲ ਕੀਤੀ ਜਾਵੇ ਤਾਂ ਇੱਕ ਏਕੜ ਵਿੱਚੋਂ ਲਗਭਗ 185 ਤੋਂ 195 ਬੋਰੀਆਂ (ਪ੍ਰਤੀ ਬੋਰੀ 50 ਕਿਲੋ) ਨਿਕਲ ਰਹੀਆਂ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਸਿਰਫ਼ ਖਾਲੀ ਬੋਰੀ ਖਰੀਦਣ ਅਤੇ ਉਸ ਨੂੰ ਮਜ਼ਦੂਰਾਂ ਰਾਹੀਂ ਭਰਵਾਉਣ ਤੱਕ ਦਾ ਖਰਚਾ ਹੀ 60 ਰੁਪਏ ਪ੍ਰਤੀ ਬੋਰੀ ਆ ਜਾਂਦਾ ਹੈ। ਅਜਿਹੇ ਵਿੱਚ ਜਦੋਂ ਕਿਸਾਨ ਆਪਣੀ ਫ਼ਸਲ ਮੰਡੀ ਲੈ ਕੇ ਜਾਂਦਾ ਹੈ, ਤਾਂ ਉੱਥੇ ਉਸ ਨੂੰ ਮਹਿਜ਼ 5 ਤੋਂ 6 ਰੁਪਏ ਪ੍ਰਤੀ ਕਿਲੋ ਦਾ ਭਾਅ ਦਿੱਤਾ ਜਾ ਰਿਹਾ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਕੀਮਤਾਂ ਵਿੱਚ ਭਾਰੀ ਗਿਰਾਵਟ ਦੇਖਣ ਨੂੰ ਮਿਲੀ ਹੈ। ਕਿਸਾਨਾਂ ਨੇ ਰੋਸ ਜ਼ਾਹਿਰ ਕਰਦਿਆਂ ਕਿਹਾ ਕਿ ਜੇਕਰ ਉਹ 5 ਰੁਪਏ ਕਿੱਲੋ ਦੇ ਹਿਸਾਬ ਨਾਲ ਫ਼ਸਲ ਵੇਚਦੇ ਹਨ, ਤਾਂ ਉਹਨਾਂ ਦੀ ਮਿਹਨਤ ਅਤੇ ਲਾਗਤ ਵੀ ਪੂਰੀ ਨਹੀਂ ਹੁੰਦੀ। ਇਸ ਦੋਹਰੀ ਮਾਰ ਕਾਰਨ ਕਿਸਾਨ ਕਰਜ਼ੇ ਦੀ ਦਲਦਲ ਵਿੱਚ ਫਸਦੇ ਜਾ ਰਹੇ ਹਨ। ਕਿਸਾਨਾਂ ਨੇ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਆਲੂਆਂ ਦਾ ਘੱਟੋ-ਘੱਟ ਸਮਰਥਨ ਮੁੱਲ ਤੈਅ ਕੀਤਾ ਜਾਵੇ ਜਾਂ ਖ਼ਰਾਬ ਹੋਈ ਫ਼ਸਲ ਅਤੇ ਘੱਟ ਮੁੱਲ ਦਾ ਬਣਦਾ ਮੁਆਵਜ਼ਾ ਤੁਰੰਤ ਦਿੱਤਾ ਜਾਵੇ।

ਪੋਕਸੋ ਐਕਟ 'ਚ 20 ਸਾਲ ਦੀ ਸਜ਼ਾ

ਪਟਿਆਲਾ, 20 ਮਾਰਚ (ਵਿਨੋਦ ਸ਼ਰਮਾ) : ਵਧੀਕ ਸੈਸ਼ਨ ਜੱਜ ਨਵਦੀਪ ਕੌਰ ਗਿੱਲ ਦੀ ਅਦਾਲਤ ਨੇ ਦੋਸ਼ੀ ਨਤੀਸ਼ ਕੁਮਾਰ ਵਾਸੀ ਰਾਜਪੁਰਾ ਨੂੰ ਦੋਸ਼ੀ ਕਰਾਰ ਦਿੰਦੇ ਹੋਏ 4(2) ਪੋਕਸ